## ਪੁਦਗਲ (Mattar)

ਪੁਦਗਲ ਦਰਵ ਵਿਚ 5 ਰੂਪ, 5 ਰਸ, 2 ਗੰਧ ਅਤੇ 8 ਸਪਰਸ਼ ਚਾਰ ਪ੍ਰਕਾਰ ਦੇ ਗੁਣ ਹੁੰਦੇ ਹਨ ।

ਪੁਦਗਲ ਦੇ ਗੁਣ

| ਵਰਨ | ਰਸ | ਗੰਧ | ਸਪਰਸ਼ |
|---|---|---|---|
| ਨੀਲ | ਮਿਠਾ | ਤਿਖੀ | ਕੋਮਲ |
| ਪੀਲਾ | ਤੇਜ਼ਾਬੀ | ਸੁਗੰਧ | ਕਠੋਰ |
| ਸਫੇਦ | ਕੌੜਾ | ਦੁਰਗੰਧ | ਗੁਰੂ (ਭਾਗ) |
| ਕਾਲਾ | ਕਸੈਲਾ | | ਲਘੂ (ਹਲਕਾ) |
| ਲਾਲ | | | ਸ਼ੀਤ (ਠੰਡਾ) |
| | | | ਗਰਮ |
| | | | ਚਿਕਨਾ |
| | | | ਰੁਖਾ |

## ਪੁਦਗਲ ਦੇ ਭੇਦ

ਪੁਦਗਲ ਦੋ ਪ੍ਰਕਾਰ ਦਾ ਹੈ ਇਕ ਅਣੂ ਅਤੇ ਦੂਸਰਾ ਸੰਕਧਰੂਪ । ਅਗੇ ਸੰਕਧ ਦੇ ਤਿੰਨ ਰੂਪ ਹੋਣ ਕਾਰਣ ਪੁਦਗਲ ਦੇ ਚਾਰ ਭੇਦ ਹਨ (1) ਸੰਕਧ (2) ਸੰਕਧ ਦੇਸ਼ (3) ਸੰਕਧ ਪ੍ਰਦੇਸ਼ (4) ਪਰਮਾਣੂ । ਅਨੰਤ ਅਨੰਤ ਪ੍ਰਮਾਣੂ ਦਾ ਪਿੰਡ ਸੰਕਧ ਅਖਵਾਉਂਦਾ ਹੈ ਸੰਕਧ ਦਾ ਅੱਧਾ ਭਾਗ ਸੰਕਧ ਦੇਸ਼ ਅਤੇ ਉਸ ਦਾ ਵੀ ਅੱਧਾ ਸੰਕਧ ਪ੍ਰਦੇਸ਼ । ਜਿਸ ਦਾ ਹੋਰ ਭਾਂਗ ਨਾਂ ਹੋ ਸਕੇ ਉਹ ਪ੍ਰਮਾਣੂ ਹੈ ।

ਸੰਕਧ ਦੋ ਪ੍ਰਕਾਰ ਦਾ ਹੈ ਵਾਦਰ ਤੇ ਸੂਖਮ । ਵਾਦਰ ਅੱਖਾਂ ਆਦਿ ਇੰਦਰੀਆ ਨਾਲ ਵੇਖਿਆ ਜਾ ਸਕਦਾ ਹੈ । ਸੂਖਮ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੋ ਸਕਦਾ । ਇਹ ਛੇ ਪ੍ਰਕਾਰ ਦਾ ਹੈ । ਦੋ ਅਣੂਆ ਦਾ ਇਕ ਸਕੰਧ ਬਣਦਾ ਹੈ ਇਨ੍ਹਾਂ ਵਿਚੋਂ ਇਕ ਰੁਖਾ ਅਣੂ ਹੈ ਅਤੇ ਇਕ ਚਿਕਨਾ । ਇਥੇ ਚਿਕਨਾ ਤੋਂ ਭਾਵ ਚਿਕਨਾਹਟ ਨਹੀਂ ਨਾ ਹੀ ਰੁਖੇ ਦਾ ਅਰਥ ਖੁਰਦਰਾ ਹੈ । ਇਹ ਦੋਵੇਂ ਸ਼ਬਦ ਨੇਗਟਿਵ ਅਤੇ ਪੋਜਟਿਵ ਅਰਥ ਵਿਚ ਹਨ । ਸੰਕਧ ਕੇਵਲ ਪ੍ਰਮਾਣੂ ਦੇ ਸਹਿਯੋਗ ਨਾਲ ਨਹੀਂ ਬਨਦਾ । ਸਕੰਧ ਦੀ ਉਤਪਤੀ ਵਿਚ ਰੁਖਾ ਅਤੇ ਚਿਕ-ਨਾਹਟ ਜਰੂਰੀ ਹੈ ।

(1) ਵਾਦਰ ਵਾਦਰ (ਮੋਟਾ ਮੋਟਾ) ਜੋ ਸੰਕਧ ਭਿੰਨ ਭਿੰਨ ਹੋਣ ਤੇ ਵੀ ਨਾਂ ਮਿਲ ਸਕੇ ਜਿਵੇਂ ਲਕੜੀ ਆਦਿ ਠੋਸ ਪਦਾਰਥ ।

(2) ਵਾਦਰ (ਸਥੂਲ) (ਜੋ ਛਿਨ ਭਿੰਨ ਹੋਣ ਤੇ ਵੀ ਮਿਲ ਜਾਵੇ ਜਿਵੇਂ ਦਰਵ ਪਦਾਰਥ ਘੀ, ਦੁੱਧ, ਪਾਣੀ।

(3) ਵਾਦਰ ਸੂਖਮ (ਸਥੂਲ ਸੂਖਮ) ਜੋ ਵੇਖਣ ਵਿਚ ਵਿਖਾਈ ਦੇਵੇ, ਪਰ ਪਕੜ ਵਿਚ ਨਾਂ ਆਵੇ ਜਿਵੇਂ ਪ੍ਰਕਾਸ਼, ਅੰਧਕਾਰ।

(4) ਸੂਖਮ ਵਾਦਰ (ਸੂਖਮ ਸਥੂਲ) ਜੋ ਅੱਖ ਨਾਲ ਵਿਖਾਈ ਨਾਂ ਦੇਵੇ ਪਰ ਹੋਰ ਰਸਨਾ, ਨੱਕ ਛੋਹ ਇੰਦਰੀਆ ਰਾਹੀਂ ਗ੍ਰਹਿਣ ਕੀਤਾ ਜਾ ਸਕੇ ਜਿਵੇਂ ਤਾਪ, ਧੁੰਨੀ, ਰਸ ਗੰਧ ਤੇ ਸ਼ਪਰਸ਼।

(5) ਸੂਖਮ :—ਸੰਕਧ ਹੋਣ ਤੇ ਜੋ ਸੂਖਮ ਹੋਣ ਕਾਰਨ ਇੰਦਰੀਆ ਰਾਹੀਂ ਗ੍ਰਹਿਣ ਨਾ ਕੀਤਾ ਜਾ ਸਕੇ ਜਿਵੇਂ ਤੇਜਸ ਤੇ ਕਾਰਮਨ (ਇੰਦਰੀਆ ਰਹਿਤ ਸਰੀਰ)

(6) ਅਤਿਸੂਖਮ : ਕਰਮ ਵਰਗਨਾ ਤੋਂ ਵੀ ਛੋਟੇ ਦਰਵ ਅਣੂ।

## ਪ੍ਰਮਾਣ ਦੀ ਉਤਪਤੀ

ਪ੍ਰਮਾਣੂ ਸੂਖਮ ਵਿਭਾਗ ਰਹਿਤ ਹੈ। ਸ਼ਾਸਵਤ, ਸ਼ਬਦ ਰਹਿਤ ਤੇ ਇਕ ਹੈ ਪ੍ਰਮਾਣੂ ਦਾ ਸ਼ੁਰੂ ਵਿਚਕਾਰ ਅਤੇ ਅੰਤ ਉਹ ਖੁਦ ਹੀ ਹੈ। ਪ੍ਰਮਾਣੂ ਨਿੱਤ ਹੈ ਅਤੇ ਸਪਰਸ਼ ਆਦਿ ਚਾਰ ਗੁਣਾ ਨੂੰ ਥਾਂ ਦਿੰਦਾ ਹੈ। ਪਰਮਾਣੂ ਕਾਰਜ ਵੀ ਹੈ ਕਾਰਣ ਵੀ। ਜਦ ਕਾਰਜ ਕਿਹਾ ਜਾਂਦਾ ਹੈ ਤਾਂ ਉਪਚਾਰ ਪਖੋਂ ਕਿਹਾ ਜਾਂਦਾ ਹੈ। ਕਿਉਂਕਿ ਪ੍ਰਮਾਣੂ ਸੱਤ ਸਵਰੂਪ ਹੈ ਧਰੋਵਯ ਹੈ। ਇਸ ਦੀ ਕੋਈ ਉਤਪਤਿ ਨਹੀਂ। ਪ੍ਰਮਾਣੂ ਪੁਦਗਲ ਦਾ ਸੁਭਾਵਿਕ ਵਿਸ਼ਾ ਹੈ। ਦੋ ਜਾਂ ਜ਼ਿਆਦਾ ਪ੍ਰਮਾਣੂ ਮਿਲਕੇ ਸੰਕਧ ਬਣਦੇ ਹਨ। ਇਸ ਲਈ ਪ੍ਰਮਾਣੂ ਸੰਕਧ ਦਾ ਕਾਰਣ ਹੈ। ਲੋਕ ਵਿਚ ਸੰਕਧ ਦੇ ਭੇਦ ਤੋਂ ਪ੍ਰਮਾਣੂਆਂ ਦੀ ਉਤਪਤਿ ਵੇਖੀ ਜਾਂਦੀ ਹੈ।

ਪ੍ਰਮਾਣੂ ਵਿਚ ਜੀਵ ਵਾਲੇ ਕਈ ਲੱਛਣ ਨਹੀਂ ਹਨ। ਇਹ ਸ਼ਰੀਰ ਰਹਿਤ ਹੋਣ ਦੇ ਬਾਵਜੂਦ ਦੂਸਰੇ ਪ੍ਰਮਾਣੂਆਂ ਨਾਲ ਮਿਲ ਕੇ ਸ਼ਰੀਰ ਰਚਨਾ ਵਿਚ ਸਹਾਇਕ ਹੈ। ਇਹ ਅਕਾਰ ਰਹਿਤ ਹੈ ਪ੍ਰਮਾਣੂ ਕ੍ਰਿਆ ਕਰਨ ਵਿਚ ਤਾਂ ਸਮਰਥ ਹੈ ਪਰ ਕ੍ਰਿਆ ਨੀਅਤ ਨਹੀਂ ਪ੍ਰਮਾਣੂ ਪੁਦਗਲ ਨਾ ਆਪ ਗਲਦਾ ਹੈ ਨਾ ਵਿਖਰਦਾ ਹੈ ਨਾ ਵਿਛੜਦਾ ਹੈ ਪਰ ਹੋਰ ਪ੍ਰਮਾਣੂਆਂ ਨਾਲ ਮਿਲ ਇਹ ਸਭ ਕ੍ਰਿਆਵਾਂ ਕਰਦਾ ਹੈ। ਪ੍ਰਮਾਣੂ ਅਨੰਤ ਹਨ ਅਲੋਕ ਵਿਚ ਕੋਈ ਪ੍ਰਮਾਨੂ ਨਹੀਂ। ਲੋਕ ਵਿਚ ਸਭ ਪਾਸੇ ਇਨਾਂ ਦਾ ਪਸਾਰਾ ਹੈ ਪ੍ਰਮਾਣੂ ਪੁਦਗਲ ਜੀਵਾਂ ਦੇ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਨਾ ਹੀ ਇਹ ਜੀਵਾਂ ਤੇ ਕੋਈ ਉਪਕਾਰ ਕਰਦਾ ਹੈ।

ਦਸ ਪ੍ਰਾਣ ਸੰਸਾਰ ਜੀਵ ਆਤਮਾ ਦੇ ਹੁੰਦੇ ਹਨ। ਮੁੱਕਤ ਆਤਮਾਂ ਦੇ ਨਹੀਂ ਹੁੰਦੇ। ਇਸ ਪਖੋਂ ਜੀਵ ਅਨਾਤਮ ਭੂਤ ਲਛਣ ਵਾਲੇ ਹੀ ਹਨ।

## ਪੁਦਗਲ ਦੀ ਪਰਿਆਏ (ਅਵਸਥਾ)

- ਸ਼ਬਦ
  - ਭਾਸ਼ਾ
    - ਅਖਰਾਤਮਕ
    - ਸੰਕੇਤਾਮਕ
  - ਅਭਾਸ਼ਾਤਮਕ
    - ਪ੍ਰਯੋਗਿਕ
      - ਤਤ — ਮਰਿਦੰਗ ਦਾ ਸ਼ਬਦ
      - ਵਿਹਤ — ਵੀਣਾ ਦਾ ਸ਼ਬਦ
      - ਘੋਸ਼ — ਕਾਲ ਦਾ ਸ਼ਬਦ
      - ਸਧੀਰ — ਸ਼ੰਖ ਦੇ ਸ਼ਬਦ
    - ਵੈਸਤਰਿਸੱਕ (ਬਦਲ ਦੀ ਗਰਜ)

ਸ਼ਬਦ ਨੂੰ ਵੈਸੇਸ਼ਿਕ ਦਰਸ਼ਨ ਨੇ ਅਕਾਸ਼ ਦਾ ਗੁਣ ਮੰਨਿਆ ਹੈ ਜੈਨ ਦਰਸ਼ਨ ਨੇ ਇਸ ਨੂੰ ਪੁਦਗਲ ਦੀ ਪਰੀਆਏ ਮੰਨਿਆ ਹੈ ।

ਪਹਿਲੇ ਪੰਜ ਦਰੱਵ ਅਰੂਪੀ (ਸ਼ਕਲ ਰਹਿਤ) ਹਨ ਜਦੋਂ ਕਿ ਪੁਦਗਲ ਰੂਪੀ (ਸ਼ਕਲਵਾਲਾ) ਅਤੇ ਅਰੂਪੀ ਵੀ ਹੈ ।

ਇਸ ਪ੍ਰਕਾਰ ਜੈਨ ਧਰਮ ਵਿਚ ਸ੍ਰਿਸ਼ਟੀ ਚਲਾਉਣ ਵਾਲੇ ਇਹ 6 ਦਰਵਾਂ ਦੀ ਗੱਲ ਕੀਤੀ ਗਈ ਹੈ । ਇਸੇ ਨੂੰ ਲੋਕ ਕਿਹਾ ਗਿਆ ਹੈ । ਲੋਕ ਇੰਦਰੀਆਂ ਨਾਲ ਵਿਖਾਈ ਦਿੰਦਾ ਹੈ । ਇਸ ਤੋਂ ਅਗੇ ਅਲੋਕ ਹੈ ਜੋ ਇੰਦਰੀਆਂ ਦੀ ਪਕੜ ਤੋਂ ਪਰੇ ਹੈ ।

ਹੁਣ ਅਸੀਂ 6 ਦਰਵਾਂ ਦਾ, ਦਰੱਵ, ਕਾਲ, ਖੇਤਰ, ਭਾਵ ਤੇ ਗੁਣ ਪਖੋਂ ਨਿਰਨਾ ਕਰਾਂਗੇ ।

## ਛੇ ਦਰੱਵਾਂ ਦੇ ਗੁਣ ਅਤੇ ਉਪਕਾਰ

### ਧਰਮ

ਸੰਖਿਆ ਪਖੋਂ ਧਰਮ ਆਸਤੀ ਕਾਈਆਂ ਇਕ ਹੈ ਭਾਵ ਅਸੰਖਿਆਤ ਪ੍ਰਦੇਸ਼ਾਂ ਦਾ ਇਕ ਅਣਵੰਡੀਆਂ ਸਮੂਹ (ਪਿੰਡ) ਹੈ ।

ਇਹ ਪ੍ਰਦੇਸ਼ ਹਮੇਸ਼ਾਂ ਹੀ ਇਕ ਸਮਾਨ ਰਹਿੰਦੇ ਹਨ । ਕਦੇ ਵੀ ਘਟਦੇ ਵਧਦੇ ਨਹੀਂ । ਖੇਤਰ ਪਖੋਂ ਧਰਮ ਆਸਤੀ ਕਾਈਆਂ ਸਰਵ ਵਿਆਪਕ ਹੈ । ਲੋਕ ਵਿਚ ਅਜਿਹਾ ਕੋਈ ਸਥਾਨ ਨਹੀਂ ਜਿਥੇ ਧਰਮ ਆਸਤੀ ਕਾਈਆਂ ਨਾ ਹੋਵੇ ।

ਕਾਲ ਪਖੋਂ ਧਰਮ ਦਰੱਵ ਅਨਾਦੀ, ਅਨੰਤ ਅਤੇ ਸ਼ਾਸਵਤ ਹੈ । ਇਹ ਪਹਿਲਾਂ ਸੀ, ਸਦਾ ਹੈ, ਅਤੇ ਹਮੇਸ਼ਾਂ ਰਹੇਗਾ । ਇਹ ਨਾ ਕਦੇ ਪੈਦਾ ਨਹੀਂ ਹੋਇਆ ਹੈ ਅਤੇ ਨਾ ਹੀ ਇਸ ਦਾ ਖਾਤਮਾ ਹੈ ।

ਭਾਵ ਪਖੋਂ ਇਹ ਵਰਨ, ਗੰਧ, ਰਸ, ਸਪਰਸ਼ ਤੋਂ ਰਹਿਤ ਹੋਣ ਕਾਰਣ ਇਹ ਪਦਾਰਥ ਅਰੂਪੀ, ਅਮੂਰਤ ਅਤੇ ਅਕਾਰ ਰਹਿਤ ਹੈ ।

ਗੁਣ ਪਖੋਂ ਇਹ ਪਦਾਰਥਾਂ (ਜੀਵ ਤੇ ਪੁਦਗਲ) ਨੂੰ ਚਲਣ ਫਿਰਣ ਵਿਚ ਸਹਾਇਤਾ ਦਿੰਦਾ ਹੈ। ਇਹ ਜੀਵਾਂ ਨੂੰ ਚਲਣ ਫਿਰਣ, ਹਿਲਣ, ਬੋਲਣ, ਬੈਠਣ, ਵੇਖਣ ਮਨ, ਵਚਨ ਤੇ ਸ਼ਰੀਰ ਦੀ ਹਰ ਹਰਕਤ ਵਿਚ ਸਹਾਇਕ ਹੈ ਗਤੀ ਕ੍ਰਿਆ ਵਿਚ ਸਹਾਇਕ ਹੋਣ ਕਾਰਣ ਇਹ ਨਿੱਤ ਪਦਾਰਥ ਹੈ।

## ਅਧਰਮ

ਇਹ ਦਰਵ, ਖੇਤਰ, ਕਾਲ, ਭਾਵ ਪਖੋਂ ਧਰਮ ਪਦਾਰਥ ਦੀ ਤਰ੍ਹਾਂ ਹੈ।

ਗੁਣ ਪਖੋਂ ਇਹ ਜੀਵ ਤੇ ਪੁਦਗਲਾਂ ਨੂੰ ਸਥਿਰ ਰਹਿਣ ਵਿਚ ਸਹਾਇਤਾ ਦਿੰਦਾ ਹੈ। ਇਹ ਦਰੱਵ ਵੀ ਲੋਕ ਤਕ ਹੈ।

## ਅਕਾਸ਼

ਦਰੱਵ ਪਖੋਂ ਅਕਾਸ਼ ਅਨੰਤ ਪ੍ਰਦੇਸ਼ਾਂ ਦਾ ਬਣਿਆ ਅਖੰਡ ਦਰਵ ਹੈ। ਖੇਤਰ ਪਖੋਂ ਲੋਕ ਅਤੇ ਅਲੋਕ ਵਿਚ ਫੈਲਿਆਂ ਹੈ ਅਕਾਸ਼ ਅਨੰਤ ਵਿਸਥਾਰ ਵਾਲਾ ਹੈ।

ਕਾਲ ਪਖੋਂ ਅਕਾਸ਼ ਅਨਾਦਿ ਅਤੇ ਅਨੰਤ ਹੈ। ਭਾਵ ਪਖੋਂ ਅਕਾਸ ਅਰੂਪੀ ਅਮੂਰਤ ਹੈ। ਗੁਣ ਪਖੋਂ ਅਕਾਸ਼ ਸਾਰੇ ਦਰੱਵਾ ਦਾ ਸਹਾਰਾ ਹੈ।

## ਕਾਲ

ਦਰੱਵ ਪਖੋਂ ਕਾਲ ਅੰਨਤ ਹੈ। ਕਿਉਂਕਿ ਅਨੰਤ ਜੀਵਾਂ ਤੇ ਪੁਦਗਲਾ ਵਿਚ ਚਲਦਾ ਹੈ।

ਖੇਤਰ ਪਖੋਂ 2½ ਦੀਪ ਵਿਚ ਹੀ ਕਾਲ ਦਰੱਵ ਹੈ। ਕਿਉਂਕਿ ਲੋਕ ਵਿਚ ਹੀ ਸੂਰਜ, ਚੰਦਰ. ਘੁੰਮਦੇ ਹਨ। ਇਸ ਦੇ ਹਿਸਾਬ ਨਾਲ ਘੜੀ, ਮਹੀਨੇ ਤੇ ਸਾਲ ਨਿਸ਼ਚਿਤ ਹੁੰਦੇ ਹਨ। ਇਸ ਹਿਸਾਬ ਨਾਲ ਹੀ ਮਨੁੱਖ ਤੇ ਜੀਵਾਂ ਦੀ ਉਮਰ ਦਾ ਪਤਾ ਲਗਦਾ ਹੈ। ਜਵਾਨੀ ਬੁਢਾਪਾ ਅਤੇ ਰੁੱਤਾ, ਕਾਲ ਦਰਵ ਦੀ ਪਰਿਆਏ ਹਨ।

ਮੁਖ ਰੂਪ ਵਿਚ ਕਾਲ ਦੇ ਭੂਤ, ਵਰਤਮਾਨ ਤੇ ਭਵਿੱਖ ਇਹ ਤਿੰਨ ਭਾਗ ਹਨ ਪਰ ਕੋਈ ਆਦਮੀ ਜਾਂ ਸਰੱਵਗ ਇਹ ਨਹੀਂ ਦਸ ਸਕਦਾ ਕਿ ਕਿੰਨੇ ਕਾਲ ਬੀਤ ਚੁਕੇ ਹਨ, ਭਵਿਖ ਵਿਚ ਹੋਰ ਕਿੰਨੇ ਕਾਲ ਆਉਣਗੇ।

## ਕਾਲ ਅਨਾਦੀ ਅਨੰਤ ਹੈ

ਕਾਲ ਦਾ ਛੋਟਾ ਹਿਸਾ ਸਮਾਂ ਹੈ ਜੋ ਵੰਡਿਆ ਨਹੀਂ ਜਾ ਸਕਦਾ।

## ਕਾਲ ਚੱਕਰ

ਸਮੇਂ, ਆਵਲਿਕਾ, ਘੜੀ, ਦਿਨ, ਰਾਤ, ਮਹੀਨਾ, ਵਰਸ਼ ਆਦਿ ਕਾਲ ਦਾ ਵਿਭਾਗ ਹਨ। ਮੁਖ ਰੂਪ ਵਿਚ ਕਾਲ ਦੇ ਦੋ ਵਿਭਾਗ ਹਨ। (1) ਅਵਸਪਰਨੀ ਕਾਲ (2) ਉਤਸਰਪਨੀ ਕਾਲ।

ਜਿਸ ਕਾਲ ਵਿਚ ਜੀਵਾਂ ਦੀ ਸ਼ਕਤੀ ਅਕਾਰ ਤੇ ਉਮਰ ਘੱਟਦੀ ਹੈ ਉਹ ਅਵਸਪਰਨੀ ਕਾਲ ਹੈ। ਜਦੋਂ ਇਨ੍ਹਾਂ ਵਿਚ ਵਾਧਾ ਹੁੰਦਾ ਹੈ ਤਾਂ ਇਹ ਉਤਸਵਰਨੀ ਕਾਲ ਹੈ। ਆਨਦਿ

ਕਾਲ ਤੋਂ ਇਹ ਕ੍ਰਮ ਚਲ ਰਿਹਾ ਹੈ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਮੱਧ ਲੋਕ ਵਿਚ ਭਰਤ ਅਤੇ ਏਰਾਵਤ ਖੇਤਰ ਵਿਚ ਹੀ ਇਹ ਭੇਦ ਵਿਖਾਈ ਦਿੰਦਾ ਹੈ। ਬਾਕੀ ਸਾਰੇ ਲੋਕ ਵਿਚ ਇਹ ਪਰਿਵਰਤਨ ਨਹੀਂ ਹੁੰਦਾ। ਉਤਸਰਪਨੀ 10 ਕਰੋੜ × 10 ਕਰੋੜ ਸਾਗਰੋ ਪਮ ਹੈ ਅਤੇ ਅਵਸਪਰਨੀ ਕਾਲ ਵੀ ਇੰਨੇ ਸਮੇਂ ਦਾ ਹੈ। ਹਰ ਕਾਲ ਚੱਕਰ ਦੇ 6-6 ਭਾਗ ਹਨ।

1) **ਸਖਮਾ—ਸੁਖਮਾ**—ਜੈਨ ਪ੍ਰੰਪਰਾ ਅਨੁਸਾਰ ਇਸ ਕਾਲ ਵਿਚ ਮਨੁੱਖ ਦੇ ਸਰੀਰ ਦੀ ਲੰਬਾਈ ਤਿੰਨ ਕੋਹ, ਉਮਰ ਤਿੰਨ ਪਲੋਯਪਮ ਦੀ ਹੁੰਦੀ ਹੈ। ਲੋਕ ਸਰਲ ਸੁਭਾਵ ਵਾਲੇ ਹੁੰਦੇ ਹਨ। ਇਕੋ ਸਮੇਂ ਇਸਤਰੀ-ਪੁਰਸ਼ ਜਨਮ ਲੈਂਦੇ ਹਨ ਅਤੇ ਬੜੇ ਹੋ ਕੇ ਆਪਸ ਵਿਚ ਇਹ ਸ਼ਾਦੀ ਕਰ ਲੈਂਦੇ ਹਨ। ਦਸ ਪ੍ਰਕਾਰ ਦੇ ਕਲਪ ਬ੍ਰਿਖ ਮਨੁੱਖ ਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦੇ ਹਨ। ਇਨਾਂ ਦੇ ਪਾਲਨ ਪੋਸ਼ਨ 49 ਦਿਨ ਹੈ।

(1) ਮਤੰਗਾ ਦਰਖਤ ਮਿੱਠੇ ਫਲ ਦਿੰਦੇ ਹਨ (2) ਭਰਿੰਤਗਾ ਸੋਨੇ ਦੇ ਵਰਤਨ ਦਿੰਦੇ ਹਨ (3) ਤੁਰਟਿਤਾਗ ਚਿਤ ਪ੍ਰਚਾਉਣ ਲਈ ਬਾਜੇ ਪ੍ਰਦਾਨ ਕਰਦੇ ਹਨ (4) ਜਯੋਤੀਰੰਗਾ ਰਾਤ ਨੂੰ ਵੀ ਸੂਰਜ ਦਾ ਪ੍ਰਕਾਸ਼ ਦਿੰਦੇ ਹਨ (5) ਦੀਪਾਂਗਾ ਦੀਪਕ ਦੀ ਤਰ੍ਹਾਂ ਪ੍ਰਕਾਸ਼ ਦਿੰਦੇ ਹਨ (6) ਚਿਤੰਰਸਗਾਂ ਸੁਗੰਧਿਤ ਫੂਲ ਦੇ ਗਹਿਣੇ ਪ੍ਰਕਾਸ਼ ਕਰਦੇ ਹਨ (7) ਚਿਤ ਰਸ 18 ਪ੍ਰਕਾਰ ਦੇ ਭੋਜਨ ਪ੍ਰਦਾਨ ਕਰਦੇ ਹਨ (8) ਗੇਹਾਕਾਰਾਂ ਦਰਖਤ ਘਰਾਂ ਦੇ ਅਕਾਰ ਵਾਲੇ ਬਨ ਕੇ ਇਨ੍ਹਾਂ ਮਨੁੱਖਾਂ ਦੀ ਰਖਿਆ ਕਰਦੇ ਹਨ। (9) ਅਨਿਧਰਾਣਾ ਉਤਮ ਵਸਤਰ ਪਾਤਰ ਦਿੰਦੇ ਹਨ।

---

i) ਕਰੋੜ ਦੀ ਸੰਖਿਆ ਨੂੰ ਕਰੋੜ ਨਾਲ ਗੁਣਾ ਕਰਨਾ ਨਾਲ ਇਕ ਕਰੋੜ ਆਉਂਦਾ ਹੈ।

ii) 70 ਲੱਖ 56 ਹਜਾਰ ਸਾਲ ਨੂੰ ਕਰੋੜ ਨਾਲ ਗੁਣਾ ਕਰਨ ਤੇ 7056000000000 ਸਾਲ ਦਾ ਇਕ ਪੂਰਵ ਹੁੰਦਾ ਹੈ।

iii) ਪਲੋਯਪਮ ਅਤੇ ਸਾਗਰੋ ਪਮ

ਇਕ ਯੋਜਨ ਲੰਬਾ, ਇਕ ਯੋਜਨ ਚੋੜਾ, ਇਕ ਯੋਜਨ ਡੂੰਗਾ ਖੂਹ ਹੋਵੇ। ਉਸ ਵਿਚ ਦੇਵ ਕੁਰੂ, ਉਤਰ ਕੁਰੂ ਵਿਚ ਪੈਦਾ ਹੋਣ ਵਾਲੇ ਇਕ ਦਿਨ ਤੋਂ ਸੱਤ ਦਿਨ ਦੇ ਬੱਚੇ ਦੇ ਵਾਲ ਭਰ ਦਿੱਤੇ ਜਾਣ। ਇਨ੍ਹਾਂ ਭਰ ਦਿੱਤਾ ਜਾਵੇ ਕਿ ਚੱਕਰਵਰਤੀ ਦੀ ਵਿਸ਼ਾਲ ਸੈਨਾ ਗੁਜਰ ਜਾਵੇ ਤਾਂ ਵੀ ਇਹ ਬਾਲ ਪੂਰੇ ਦਬੇ ਰਹਿਣ ਫੇਰ 100-100 ਸਾਲ ਬਾਅਦ ਇਕ ਇਕ ਬਾਲ ਬਾਹਰ ਕੱਢਿਆ ਜਾਵੇ ਜਿਨ੍ਹਾਂ ਸਮ ਉਨ੍ਹਾਂ ਬਾਲਾ ਵਾਲੇ ਖੂਹ ਨੂੰ ਖਾਲੀ ਕਰਨ ਤੇ ਲੱਗੇਗਾ ਉਨੇ ਸਮੇਂ ਦਾ ਇਕ ਪਲੋਯਪਮ ਹੈ। ਤੇ 10 ਕਰੋੜ × 10ਕਰੋੜ (1000000000000000) ਪਲੋਯਪਮ ਦਾ ਇਕ ਸਾਗਰੋ ਪਮ ਅਖਵਾਉਂਦਾ ਹੈ। ਇਹ ਪੈਮਾਨਾ ਦੇਵਤੇ ਅਤੇ ਯੁਗਾਂ ਦੀ ਉਮਰ ਮਾਪਨ ਲਈ ਹੈ। ਜੈਨ ਧਰਮ ਵਿਚ ਅੰਕਾਂ ਦੀ ਗਿਣਤੀ ਪ੍ਰਚਲਿਤ ਅੰਕਾਂ ਨਾਲ ਕਈ ਗੁਣਾ ਜਿਆਦਾ ਹੈ। ਸੰਖਿਆ ਇਹ ਹੈ ਜੋ ਸੰਖਿਆ ਦੀ ਗਿਣਤੀ ਵਿਚ ਆਵੇ। ਜੋ ਸੰਖਿਆ ਗਿਣਤੀ ਤੋਂ ਉਪਰ ਹੈ ਉਹ ਅਸੰਖਿਅਤ ਹੈ। ਜਿਸ ਸੰਖਿਆ ਦਾ ਕੋਈ ਅੰਤ ਨਹੀਂ, ਉਹ ਅਨੰਤ ਹੈ।

**ਜਦ** ਇਹ ਮਨੁੱਖ ਤਿੰਨ ਤਿੰਨ ਦਿਨਾਂ ਬਾਅਦ ਇਨ੍ਹਾਂ ਦਰਖਤਾਂ ਤੋਂ ਭੋਜਨ ਗ੍ਰਹਿਣ ਕਰਦੇ ਹਨ। ਘੱਟ ਪਾਪ ਕਰਮ ਕਾਰਨ ਇਹ ਯੁਗਲ ਇਕਠੇ ਹੀ ਦੇਵ ਗਤਿ ਪ੍ਰਾਪਤ ਕਰਦੇ ਹਨ। ਜਮੀਨ ਦਾ ਸੁਭਾਅ ਮਿਸ਼ਰੀ ਵਰਗਾ ਹੁੰਦਾ ਹੈ।

**ਸੁਖਮਾ** :—ਤਿੰਨ ਕਰੋੜ × ਤਿੰਨ ਕਰੋੜ ਸਾਗਰੋ ਪਮ ਦਾ ਸੁਖਮਾ ਨਾਂ ਦਾ ਦੂਸਰਾ ਆਰਾ ਸ਼ੁਰੂ ਹੁੰਦਾ ਹੈ। ਦੂਸਰੇ ਆਰੇ ਵਿਚ ਪਹਿਲੇ ਆਰੇ ਨਾਲੋਂ ਉਮਰ, ਕੱਦ, ਲੰਬਾਈ ਘੱਟ ਜਾਂਦੀ ਹੈ। ਲੰਬਾਈ ਦੋ ਕੋਸ, ਉਮਰ ਦੋ ਪਲੋਯਪਮ ਭੋਜਨ ਦੀ ਇੱਛਾ ਦੋ ਦਿਨ ਬਾਅਦ ਜਾਗਦੀ ਹੈ। ਜਮੀਨ ਦਾ ਸਵਾਦ ਸ਼ਕਰ ਵਰਗਾ ਹੁੰਦਾ ਹੈ ਜੀਵ ਪਾਲਨ ਪੋਸ਼ਨ ਦਾ ਸਮਾਂ 64 ਦਿਨ ਹੈ।

(2) **ਸੁਖਮਾ ਦੁਖਮ** :—ਦੂਸਰਾ ਆਰਾ ਸਮਾਪਤ ਹੁੰਦੇ ਹੀ ਦੋ ਕਰੋੜ × ਦੋ ਕਰੋੜ ਸਾਗਰੋਪਮ ਦਾ ਤੀਸਰਾ ਸੁਖਮਾ-ਦੁਖਮਾ (ਬਹੁਤ ਸੁਖ ਅਤੇ ਥੋੜਾ ਦੁੱਖ) ਕਾਲ ਸ਼ੁਰੂ ਹੁੰਦਾ ਹੈ। ਇਸ ਆਰੇ ਵਿਚ ਵਰਨ; ਗੰਧ ਰਸ ਅਤੇ ਸਪਰਸ਼ ਬਹੁਤ ਘੱਟ ਜਾਂਦੀ ਹੈ ਭੋਜਨ ਦੀ ਇੱਛਾ ਇਕ ਦਿਨ ਬਾਅਦ ਜਾਗਦੀ ਹੈ। ਬੱਚਾ 79 ਦਿਨ ਦੇ ਪਾਲਨ ਪੋਸ਼ਨ ਬਾਅਦ ਤੁਰ ਫਿਰਸਕਦਾ ਹੈ। ਇਨ੍ਹਾਂ ਤਿੰਨਾਂ ਕਾਲਾਂ ਵਿਚ ਪਸ਼ੂ ਵੀ ਯੁਗਲ (ਨਰ-ਨਾਰੀ ਇੱਕਠੇ) ਪੈਦਾ ਹੁੰਦੇ ਹਨ। ਤੀਸਰੇ ਆਰੇ ਦੇ ਤੀਸਰੇ ਭਾਗ (ਛਿਆਠ ਲੱਖ ਕਰੋੜ, ਛਿਆਠ ਹਜਾਰ ਕਰੋੜ, ਛਿਆਠ ਕਰੋੜ, ਛਿਆਠ ਲੱਖ, ਛਿਆਠ ਹਜਾਰ, ਛਿਆਠ ਸੋ ਛਿਆਠ ਸਾਗਰੋ ਪਮ) ਬੀਤ ਜਾਣ ਤੇ ਕਲਪ ਬ੍ਰਿਖ ਪੂਰੀ ਵਸਤੂਆਂ ਨਹੀਂ ਦਿੰਦੇ। ਜਰੂਰਤਾਂ ਵੱਧ ਜਾਂਦੀਆਂ ਹਨ। ਜਰੂਰਤ ਵੱਧ ਜਾਣ ਨਾਲ ਝਗੜੇ ਵੱਧਦੇ ਹਨ। ਇਨ੍ਹਾਂ ਝਗੜਿਆਂ ਨੂੰ ਮਿਟਾਉਣ ਲਈ 15 ਕੁਲਕਰ ਪੈ ਦਾ ਹੁੰਦੇ ਹਨ। ਪਹਿਲੇ ਕੁਲਕਰ ਪਹਿਲੇ ਹੀ ਨੀਤੀ ਦੰਡ ਤਹਿ ਕਰਦੇ ਹਨ ਭਾਵ ਗੁਨਾਹ ਹੋ ਜਾਣ ਤੇ ਇਸ਼ਾਰੇ ਨਾਲ ਹੀ ਦਿੰਦੇ ਹਨ। ਪਰ ਸਮਾਂ ਬੀਤਨ ਤੇ ਮਨੁੱਖ ਜਿਆਦਾ ਪਾਮ ਕਰਦੇ ਹਨ ਤਾਂ ਸ਼ਰਮ **ਸਕਾਰ** (ਸ਼ਰਮ ਕਰ) ਨੀਤੀ ਤਹਿ ਕਰਦੇ ਹਨ। ਗੁਨਾਹ ਹੋਣ ਤੇ ਕੁਲਕਰ ਨਾ ਕਰੋ (ਮਚਾਰ) ਆਖਦੇ ਹਨ। 5 ਕੁਲਕਰ ਬਹੁਤ ਹੀ ਅਪਰਾਧ ਵੱਧਣ ਤੇ **ਧਿਕ** (ਧਿਕਾਰ) ਆਖ ਕੇ ਦੰਡ ਦਿੰਦੇ ਹਨ। ਇਸ ਯੁਗ ਵਿਚ ਜੀਵਨ ਨਿਰਵਾਹ ਲਈ **ਅਸੀ** (ਸ਼ਸਤਰ) ਮੱਸੀ (ਵਿਉਪਾਰ) ਅਤੇ ਕ੍ਰਿਸ਼ੀ (ਖੇਤੀ) ਦੀ ਜਰੂਰਤ ਨਹੀਂ ਪੈਂਦੀ। ਪਹਿਲੇ ਆਰੇ ਤੋਂ ਤੀਸਰੇ ਆਰੇ ਤੱਕ ਇਹ ਭੂਮੀ ਅਕਰਮ ਭੂਮੀ ਅਖਵਾਉਂਦੀ ਹੈ।

ਤੀਸਰਾ ਆਰਾ ਖਤਮ ਹੋਣ ਤੋਂ ਚੋਰਾਸੀ ਲੱਖ ਪੂਰਵ ਤਿੰਨ ਵਰਸ਼ ਅਤੇ $8\frac{1}{2}$ ਮਹੀਨੇ ਬਾਕੀ ਰਹਿਣ ਤੇ ਪੰਦਰਵੇ ਕੁਲਕਰ ਅਤੇ ਪਹਿਲੇ ਤੀਰਥੰਕਰ ਦਾ ਜਨਮ ਹੁੰਦਾ ਹੈ। ਇਸ ਸਮੇਂ ਕਲਪ ਬ੍ਰਿਖ ਖਤਮ ਹੋ ਜਾਂਦੇ ਹਨ। ਮਨੁੱਖ ਭੁੱਖਾ ਪਿਆਸਾ ਘੁਮਦਾ ਹੈ। ਮਨੁੱਖਾਂ ਦੀ ਇਹ ਹਾਲਤ ਵੇਖ ਕੇ ਤੀਰਥੰਕਰ ਪਿਛਲੇ ਜਨਮ ਦੇ ਗਿਆਨ ਸਦਕਾ ਆਮ ਲੋਕਾਂ ਨੂੰ ਘਰ ਬਣਾ ਕੇ ਰਹਿਣਾ ਦੱਸਦੇ ਹਨ। ਅੱਗ ਜਲਾ ਕੇ ਅੰਨ ਪਕਾਉਣਾ ਸਿਖਾਉਂਦੇ ਹਨ। 18 ਸ਼੍ਰੇਣੀਆਂ ਕਰਭ ਦੇ ਅਧਾਰ ਤੇ ਕਾਇਮ ਕਰਦੇ ਹਨ। ਪੁਰਸ਼ ਨੂੰ 72 ਅਤੇ ਇਸਤਰੀ ਨੂੰ

72 ਕਲਾਵਾਂ ਦਾ ਗਿਆਨ ਦਿੰਦੇ ਹਨ। 18 ਲਿਪਿਆਂ ਅਤੇ 14 ਵਿਦਿਆਵਾਂ ਸਿਖਾਉਂਦੇ ਹਨ। ਫੇਰ ਰਾਜ ਵਿਵਸਥਾ ਕਾਇਮ ਕਰਦੇ ਸਮਾਜਿਕ ਵਿਵਸਥਾ (ਵਿਆਹ) ਆਦਿ ਰਸਮ ਸ਼ੁਰੂ ਕਰਦੇ ਹਨ। ਕਿਉਂਕਿ ਯੁਗਲ ਪੈਦਾ ਹੋਣੇ ਘੱਟ ਜਾਂਦੇ ਹਨ। ਤੀਰਥੰਕਰ ਤੋਂ ਛੁਟ ਪਹਿਲੇ ਚਕਰਵਤੀ ਵੀ ਇਸ ਯੁਗ ਵਿਚ ਪੈਦਾ ਹੁੰਦਾ ਹੈ।

4) **ਦੁਖਮਾ ਸੁਖਮਾ** :—42000 ਸਾਲ ਘੱਟ ਇਕ ਕਰੋੜ ਸਾਗਰੋ ਪਮ ਦਾ ਚੌਥਾ ਦੁਖਮਾ-ਸੁਖਮਾ (ਜਿਆਦਾ ਦੁਖ-ਸੁਖ ਥੋੜਾ) ਚੌਥਾ ਆਰਾ ਹੈ। ਇਸ ਆਰੇ ਵਿਚ ਸਰੀਰ ਦੀ ਲੰਬਾਈ 500 ਧਨੁਸ਼ ਰਹਿ ਜਾਂਦੀ ਹੈ ਉਮਰ ਘੱਟ ਰਹਿ ਜਾਂਦੀ ਹੈ ਦਿਨ ਵਿਚ ਇਕ ਵਾਰ ਭੋਜਨ ਕਰਨ ਦੀ ਇੱਛਾ ਮਨੁੱਖਾਂ ਵਿਚ ਜਾਗਦੀ ਹੈ। ਇਸ ਸਮੇਂ 23 ਤੀਰਥੰਕਰ, 11 ਚਕਰਵਰਤੀ, 9 ਬਲਦੇਵ, 9 ਵਾਸਦੇਵ, 9 ਪ੍ਰਤਿ ਵਾਸਦੇਵ ਜਨਮ ਲੈਂਦੇ ਹਨ। ਤੀਸਰੇ ਤੇ ਚੌਥੇ ਆਰੇ ਵਿਚ 24 ਕਾਮਦੇਵ, 11 ਰੁਦੱਰ, ਨੌ ਨਾਰਦ ਵੀ ਜਨਮ ਲੈਂਦੇ ਹਨ। ਚੌਥੇ ਘਰ ਦੇ ਤਿੰਨ ਸਾਲ ਅਤੇ 8½ ਮਹੀਨੇ ਬਾਕੀ ਰਹਿਣ ਤੇ 24ਵੇ ਤੀਰਥੰਕਰ ਮੋਕਸ਼ ਪਧਾਰਦੇ ਹਨ।

5) **ਦੁਖਮਾ** :— ਅੱਜ ਕੱਲ ਅਸੀਂ ਇਸ ਆਰੇ ਵਿਚੋਂ ਹੀ ਗੁਜਰ ਰਹੇ ਹਾਂ। ਇਸ ਦਾ ਸਮਾ 21000 ਸਾਲ ਹੈ। ਵਰਨ, ਗੰਧ. ਰਸ ਤੇ ਸਪਰਸ ਤੇ ਕੱਦ ਚੌਥੇ ਆਰੇ ਨਾਲੋਂ ਘੱਟ ਜਾਂਦਾ ਹੈ। ਘੱਟ ਦੇ ਘੱਟ ਦੇ ਸਰੀਰ ਦੀ ਲੰਬਾਈ 7 ਹੱਥ ਰਹਿ ਜਾਂਦੀ ਹੈ ਦੋ ਵਾਰ ਭੋਜਨ ਦੀ ਇੱਛਾ ਜਾਗਦੀ ਹੈ ਇਸ ਆਰੇ ਵਿਚ 10 ਗੱਲਾਂ ਖਤਮ ਹੋ ਜਾਂਦੀਆਂ ਹਨ (1) ਕੇਵਲ ਗਿਆਨ (2) ਮਨ ਪ੍ਰਯਵਭ (3) ਪਰਮਅਵਧੀ (ਸੰਪੂਰਨ ਲੋਕ ਅਤੇ ਲੋਕ ਦੇ ਅਸੰਖਿਆਤ ਦਾ ਗਿਆਨ) (4-6) ਪਰਿਹਾਰ ਵਿਸ਼ੁਧੀ, ਸੁਖਮ ਸੰਪਰਾਏ ਅਤੇ ਯਥਾ ਅਖਿਆਤ ਤਿੰਨ ਚਾਰਿੱਤਰ (7) ਪੁਲਾਲ ਲੱਭਧੀ (ਰਿਧੀ) (8) ਅਹਾਰਕ ਸਰੀਰ (9) ਸ਼ਾਯੀਕ ਸਮਿਅੱਕਤਵ (ਨਾਂ ਖਤਮ ਹੋਣ ਵਾਲਾ ਸਮਿਅੱਕਤਵ) (10) ਜਿਨ ਕਲਪੀ ਮੁਨੀ ਬਾਕੀ ਦਾ ਵਰਨਣ ਹਿੰਦੂ ਪੁਰਾਣਾਂ ਦੇ ਕਲਯੁਗ ਦੇ ਵਰਨਣ ਵਰਗਾ ਹੈ ਮਾਂ, ਪਿਓ, ਗੁਰੂ ਦੀ ਇੱਜਤ ਘੱਟਦੀ ਹੈ। ਪਾਪੀ ਸੁਖੀ ਹੁੰਦਾ ਹੈ ਧਰਮੀ ਦੁਖੀ ਹੁੰਦਾ ਹੈ। ਪ੍ਰਾਕ੍ਰਿਤੀਕ ਮੁਸੀਬਤਾਂ ਵੱਧਦੀਆਂ ਹਨ ਅਕਾਲ ਪੈਂਦਾ ਹੈ। ਸਾਧੂ ਪਾਖੰਡੀ ਹੋ ਜਾਂਦੇ ਹਨ। ਠੀਕ ਵਰਤ ਪਾਲਨ ਨਹੀਂ ਕਰਦੇ। ਸ਼ਾਸਤਰ ਦਾ ਗਲਤ ਅਰਥ ਕਰਦੇ ਹਨ। ਅਜਿਹੀ 30 ਗੱਲਾਂ ਸ਼ਾਸਤਰਾ ਵਿਚ ਆਉਂਦੀਆਂ ਹਨ। ਪੰਜਵੇ ਆਰੇ ਦੇ ਆਖਰੀ ਦਿਨ ਸੰਕੇਦਰ ਦਾ ਆਸਨ ਕੰਬਦਾ ਹੈ ਤਾਂ ਉਹ ਦੇਵਤਿਆਂ ਨੂੰ ਆਖਦਾ ਹੈ "ਸਾਵਧਾਨ ਕੱਲ ਨੂੰ ਛੇਵਾ ਦੁਖਮਾ, ਦੁਖਮਾ ਆਰਾ ਲੱਗੇਗਾ ਜੋ ਧਰਮ ਕਰਮ ਕਰਨਾ ਹੈ ਕਰ ਲਵੋ।"

8) **ਦੁਖਮਾ-ਦੁਖਮਾ** : ਪੰਜਵਾ ਆਰਾ ਬੀਤਨ ਤੇ ਛੇਵਾ ਆਰਾ ਸ਼ੁਰੂ ਹੋ ਜਾਂਦਾ ਹੈ। ਭਰਤ ਖੇਤਰ ਵਿਚ ਨਸ਼ਟ ਹੋ ਰਹੇ ਮਨੁੱਖਾਂ ਵਿਚ ਕੁਝ ਮਨੁੱਖ ਦੇਵ ਤੇ ਉਨ੍ਹਾਂ ਨੇ ਵੇਤਾਡਿਆ ਪਰਬਤ ਦੇ ਦੱਖਣ ਉਤਰ ਭਾਗਾ ਵਿਚ ਜੋ ਗੰਗਾ ਸਿੰਧੂ ਨਦੀ ਹਨ ਉਨ੍ਹਾਂ ਦੇ 8 ਕਿਨਾਰੇ ਦੀਆ

9-9 ਖੜਾਂ ਹਨ। ਹਰ ਖੜ ਤਿੰਨ ਮੰਜਲੀ ਹੈ ਛੇਵੇ ਆਰੇ ਵਿਚ ਵਰਨ, ਗੰਧ, ਰਸ, ਸਪਰਸ ਅਤੇ ਸ਼ੁਭ ਪੁਦਗਲ ਘੱਟਣੇ ਸ਼ੁਰੂ ਹੋ ਜਾਂਦੇ ਹਨ। ਉਮਰ ਘੱਟਦੀ ਘੱਟਦੀ 20 ਸਾਲ ਰਹਿ ਜਾਂਦੀ ਹੈ। ਵਾਰ-2 ਭੋਜਨ ਦੀ ਇੱਛਾ ਜਾਗਦੀ ਹੈ। ਰਾਤ ਨੂੰ ਠੰਡ ਅਤੇ ਦਿਨ ਜਿਆਦਾ ਗਰਮੀ ਪੈਂਦੀ ਹੈ। ਮਨੁੱਖ ਖੱਡਾਂ ਵਿਚੋਂ ਨਿਕਲ ਨਹੀਂ ਸਕਦੇ। ਮਨੁੱਖ ਸੂਰਜ ਛਿਪਣ ਤੇ 48 ਮਿੰਟ ਲਈ ਬਾਹਰ ਨਿਕਲਦੇ ਹਨ। ਗੰਗਾ ਸਿੰਧੂ ਨਦੀਆਂ ਦਾ ਆਕਾਰ ਘੱਟਦਾ ਹੈ ਪਾਣੀ ਵਿਚ ਕਛੂ ਤੇ ਮੱਛੀਆਂ ਪੈਦਾ ਹੁੰਦੇ ਹਨ। ਮਨੁੱਖ ਇਨ੍ਹਾਂ ਜਾਨਵਰਾਂ ਨੂੰ ਪਕੜ ਕੇ ਰੇਤ ਤੇ ਰੱਖ ਦਿੰਦੇ ਹਨ। ਧੁਪ ਦੀ ਗਰਮੀ ਨਾਲ ਜਦ ਇਹ ਕਛੂ ਆਦਿ ਜਾਨਵਰ ਪੱਕ ਜਾਂਦੇ ਹਨ ਤਾਂ ਖਾ ਲੈਂਦੇ ਹਨ। ਮਾਸ ਲਈ ਲੜਾਈ ਹੁੰਦੀ ਹੈ ਮਰੇ ਮਨੁੱਖਾਂ ਦੀ ਖੋਪੜੀ ਵਿਚ ਭੋਜਨ ਕਰਦੇ ਹਨ। ਮਨੁੱਖ ਦੀਨ, ਦੁਰਵਲ, ਬੀਮਾਰ, ਨੰਗੇ, ਆਚਾਰ ਵਿਚਾਰ ਰਹਿਤ ਹੁੰਦੇ ਹਨ। ਮਾਂ, ਭੈਣ ਦੀ ਕੋਈ ਸ਼ਰਮ ਨਹੀਂ ਰਹਿੰਦੀ। 6 ਸਾਲ ਦੀ ਲੜਕੀ ਬੱਚਾ ਪੈਦਾ ਕਰਦੀ ਹੈ। ਇਸ ਸਮੇਂ ਮਰਨ ਵਾਲੇ ਪ੍ਰਾਣੀ ਨਰਕ ਵਿਚ ਜਾਂਦੇ ਹਨ। ਇਨ੍ਹਾਂ ਖੱਡਾ ਵਿਚ ਕੁਝ ਇਸ ਤਰ੍ਹਾਂ ਦੇ ਮਨੁੱਖ ਰਹਿੰਦੇ ਹਨ।

## ਉਤਸਰਪਨੀ ਕਾਲ

ਇਸੇ ਛੇ ਆਰੇ ਪਹਿਲੇ ਛੇ ਆਰੇ ਦੀ ਤਰ੍ਹਾਂ ਹਨ। ਪਰ ਇਸ ਆਰੇ ਦਾ ਸ਼ੁਰੂ ਦੁਖਮਾ ਦੁਖਮਾ ਤੋਂ ਹੋ ਕੇ ਸੁਖਮਾ ਸੁਖਮਾ ਤੇ ਖਤਮ ਹੁੰਦਾ ਹੈ।

ਦੂਸਰੇ ਦੁਖਮਾ ਆਰੇ ਦੇ ਆਉਣ ਤੇ ਸਾਵਨ ਕ੍ਰਿਸ਼ਨਾ 15 ਦਿਨ ਨੂੰ ਨਿਕਲਦਾ ਹੈ ਇਸ ਆਰੇ ਤੇ 5 ਪ੍ਰਕਾਰ ਦੀ ਵਰਖਾ ਹੁੰਦੀ ਹੈ। ਹਰ ਵਰਖਾ 7-7 ਦਿਨ ਹੁੰਦੀ ਹੈ। (1) ਪੁਸ਼ਕਰ ਨਾਂ ਦੇ ਬੱਦਲ ਧਰਤੀ ਦੀ ਗਰਮੀ ਦੂਰ ਕਰਦੇ ਹਨ। (2) ਛੇਰ ਖੀਰ (ਦੁਧ ਦੀ ਵਰਖਾ) ਦੁਰਗੰਧ ਦੂਰ ਹੁੰਦੀ ਹੈ। (3) ਘੀ ਦੀ ਵਰਖਾ ਨਾਲ ਧਰਤੀ ਵਿਚ ਚਿਕਨਾਹਟ ਪੈਦਾ ਹੁੰਦੀ ਹੈ। (4) ਅੰਮ੍ਰਿਤ ਦੀ ਵਰਖਾ ਨਾਲ 24 ਪ੍ਰਕਾਰ ਦੇ ਧਾਨ ਤੇ ਬਨਾਸਪਤੀ ਪੈਦਾ ਹੁੰਦਾਂ ਹੈ। ਧਰਤੀ ਤੇ ਘਾਹ ਫੂਸ ਉਗਦਾ ਹੈ। (5) ਹਾਕੇ ਦੇ ਰਸ ਦੀ ਤਰ੍ਹਾਂ ਵਰਖਾ ਨਾਲ ਬਨਸਪਤੀ ਵਿਚ ਮਿਠਾਸ, ਕੌੜਾ, ਤੀਖਾ, ਕਸੈਲਾ ਤੇ ਤੇਜਾਬੀ ਰਸ ਪੈਦਾ ਹੁੰਦਾ ਹੈ। ਇਹ ਸਭ ਕੇ ਮਨੁੱਖ ਹੈਰਾਨ ਰਹਿ ਜਾਂਦੇ ਹਨ।

ਬਾਕੀ 3 ਤੋਂ 6 ਆਰੇ ਤੱਕ ਪਹਿਲਾਂ ਦੀ ਤਰ੍ਹਾਂ ਹੀ ਹੈ।

---

ਟਿਪਣੀ

## ਰਾਜੂ ਦਾ ਹਿਸਾਬ

3, 81, 27, 970 ਮਨ ਵਜਨ ਨੂੰ ਭਾਰ ਆਖਦੇ ਹਨ। ਅਜਿਹੇ 1000 ਭਾਰ ਦੇ ਲੋਹੇ ਦੇ ਗੋਲੇ ਨੂੰ ਕੋਈ ਦੇਵਤਾ ਉਪਰੋ ਸੁਟੇ। ਉਹ ਗੋਲਾ 6 ਮਹੀਨੇ, 6 ਦਿਨ, 6 ਪਹਿਰ 6 ਘੜੀ ਵਿਚ ਜਿਨ੍ਹਾਂ ਸਮਾਂ ਪਾਰ ਕਰ ਲਵੇ ਉਹ ਇਕ ਰਾਜ ਲੋਕ ਦਾ ਹਿਸਾਬ ਹੈ।

ਕਾਲ ਦਾ ਛੋਟਾ ਹਿੱਸਾ ਸਮਾਂ ਹੈ ਜੋ ਵੰਡਿਆ ਨਹੀਂ ਜਾ ਸਕਦਾ।

## ਕਾਲ ਗਣਨਾ

ਜਦ ਅਸੀਂ ਅੱਖ ਮੀਟ ਕੇ ਖੋਲਦੇ ਹਾਂ ਉਹ ਅਨਰਾਸ ਹੈ ਉਨਸੇਸ਼ਦਾ ਅਨ ਵੰਡਿਆ ਭਾਗ ਹੈ। ਕਾਲ ਦਾ ਸਭ ਤੋਂ ਛੋਟਾ ਹਿਸਾ ਸਮਾਂ ਹੈ।

| | |
|---|---|
| ਅਣਵੰਡੇ ਕਾਲ — 1 ਸਮਾਂ | $2223\frac{1}{3}\frac{2}{7}\frac{2}{7}\frac{9}{3}$ ਆਵਾਲਿਕਾ ) |
| ਅਸੰਖ ਸਮੇਂ — 1 ਆਵਲੀਕਾ | ਜਾਂ ਸਾਧਕ 17 ਸ਼ੁਲਕਭਵ ) 1 ਪ੍ਰਾਣ |
| 256 ਆਵਲੀਕ — 1 ਸ਼ੁਲਕਵ | ਜਾਂ ਇਕ ਸ਼ਵਾਸੋਸਵਾਸ਼ ) |
| 4446 ਆਵਲੀਕਾ — 1 ਪ੍ਰਾਣ (ਸਭ ਤੋਂ ਛੋਟੀ ਉਮਰ) | |
| 7 ਪ੍ਰਾਣ — 1 ਸਤੋਕ | 2 ਪੱਖ—1 ਮਾਹ (ਮਹੀਨਾ) ) |
| 7 ਸਤੋਕ — 1 ਲਵ | 2 ਮਹੀਨੇ—1 ਰਿਤੂ |
| $38\frac{1}{2}$ ਲਵ — 1 ਘੜੀ | 3 ਰਿਤੂ — 1 ਅਯਨ |
| | 2 ਅਯਨ — 1 ਵਰਸ਼ |
| 77 ਲਵ —2 ਘੜੀ(48 ਮਿੰਟ | 5 ਵਰਸ਼ — 1 ਯੁਗ |
| | 84 ਲੱਖ ਸਾਲ — ਪੂਰਵ |
| | 70 ਲੱਖ ਕਰੋੜ, 56 ਹਜਾਰ |
| (1 ਮਹੂਰਤ —(16777216 ਆਵਲੀਕਾ | ਕਰੋੜ ਸਾਲ ਦਾ — 1 ਪੁਰਵ |
| | ਅਜੇਹੇ 21 ਵਾਰ ਗੁਣਾ ਕਰਨ ਨਾਲ 54 ਅੰਕਾਂ ਅਤੇ 140 ਬਿੰਦੀਆਂ ਲਗਾਉਣ ਤੇ ਸ਼ਰੀਸ਼ ਪ੍ਰਹੇਲਕਾ ਸੰਖਿਆ ਬਣਦੀ ਹੈ। |
| —(65536 ਸ਼ੁਲਕ ਭਵ) | ਅਸੰਖ ਸਾਲ ਦਾ — 1 ਪਲਯੋਪਮ |
| 30 ਮਹੁਰਤ — 1 ਅਹੋਰਾਤ (1 ਦਿਨ-ਰਾਤ) | 10 ਕਰੋੜ+10 ਕਰੋੜ |
| 15 ਦਿਨ ਰਾਤ — 1 ਪੱਖ | ਪਲਯੋਪਮ — 1 ਸਾਗੋਰਪਮ |
| | 20 ਕਰੋੜ × 20 ਕਰੋੜ |
| | ਸਾਗੋਰਪਮ — 1 ਕਾਲ ਚਕਰ |
| | ਉਤਸਰਪਨੀ ਅਤੇ ਅਵਸਰਪਨੀ |
| | ਅਨੰਤਕਾਲ ਚਕਰ—ਇਕ ਪੁਦਗਲ ਪਰਾਵਰਤਨ |

ਭਾਵ ਪੱਖੋ ਕਾਲ ਅਮੂਰਤ, ਅਰੂਪੀ ਹੈ। ਵਰਨ, ਗੰਧ, ਰਸ ਤੇ ਸਪਰਸ਼ ਤੋਂ ਰਹਿਤ ਹੈ। ਇਕ ਪ੍ਰਦੇਸ਼ ਵਾਲਾ ਹੈ। ਇਸੇ ਕਾਰਣ ਦੋ ਸਮੇਂ ਇਕਠੇ ਨਹੀਂ ਚਲ ਸਕਦੇ।

ਗੁਣ ਪੱਖੋਂ ਕਾਲ ਦਾ ਸੁਭਾਵ ਵਰਤਨਾ ਹੈ ਕਾਲ ਚਲਦਾ ਹੈ। ਬੀਜ ਤੋਂ ਪੈਦਾ ਬਚੇ ਨੌਜਵਾਨੀ ਅਤੇ ਬੁਢਾਪਾ ਕਾਲ ਦੀ ਸਹਾਇਤਾ ਨਾਲ ਹੁੰਦੇ ਹਨ। ਇਸ ਤਰ੍ਹਾਂ ਖਾਣਾ ਪੀਣਾ ਇਸ਼ਨਾਨ, ਵਿਉਪਾਰ ਨੌਕਰੀ ਹਿਲਣ ਤੇ ਤੈਰਨਾ ਵਿਚ ਕਾਲ ਦਰਵ ਸਹਾਇਕ ਹੈ, ਕਾਲ ਬਿਨਾਂ ਕੋਈ ਕ੍ਰਿਆ ਸੰਭਵ ਹੈ।

## ਜੀਵ

ਜੀਵ ਦਰਵ ਪੱਖੋਂ ਅਨੰਤ ਹੈ। ਖੇਤਰ ਪੱਖੋਂ 14 ਰਾਜੂ ਲੋਕ ਹੈ। ਕਾਲ ਪੱਖੋ

ਅਨਾਦੀ ਅਨੰਤ ਹੈ। ਭਾਵ ਪੱਖੋ ਅਰੂਪੀ ਹੈ। ਗੁਣ ਪੱਖੋਂ ਚੇਤਨ ਵਾਲਾ ਹੈ।

## ਪੁਦਗਲ

ਪੁਦਗਲ ਗੁਣ ਪੱਖੋਂ ਅਨੰਤ ਹੈ। ਖੇਤਰ ਪੱਖੋਂ ਲੋਕ ਤਕ ਹੈ। ਕਾਲ ਪੱਖੋਂ ਅਨਾਦੀ ਅਨੰਤ ਹੈ। ਭਾਵ ਪੱਖੋਂ ਰੂਪੀ (ਸ਼ਕਲ ਵਾਲਾ) ਹੈ। ਗੁਣ ਪੱਖੋਂ ਬਨਣਾ, ਗਲਣਾ, ਸੜਨਾ ਅਤੇ ਪੈਦਾ ਹੋਣਾ ਪੁਦਗਲ ਦਾ ਸੁਭਾਅ ਹੈ।

(1) ਪਰਿਣਮਨ :—ਪਦਾਰਥ ਦੀ ਅਸਲ ਸਥਿਤੀ ਛੱਡੇ ਬਿਨਾਂ ਪਹਿਲਾਂ ਵਾਲੀ ਹਾਲਤ ਵਿਚ ਆ ਜਾਣਾ ਹੀ ਪਰਿਣਮਨ ਹੈ।

(2) ਗਤੀ :—ਅਕਾਸ਼ ਪ੍ਰਦੇਸ਼ਾਂ ਵਿਚ ਸਿਲਸਿਲੇ ਵਾਰ ਪਰਿਵਰਤਨ ਕਰਨਾ।

(3) ਕ੍ਰਿਆ :—ਹੋਰ ਕ੍ਰਿਆਵਾਂ ਵਿਚ ਸਮਾਂ ਬੀਤ ਜਾਣਾ।

(5) ਪਰਤਯੇ-ਅਪਰੱਤਯ :—ਪਹਿਲਾ ਪਿਛੇ. ਨਵਾਂ, ਪੁਰਾਣਾ, ਵੱਡਾ, ਛੋਟਾ ਹੋਣਾ। ਇਨ੍ਹਾਂ ਸਭ ਵਿਚ ਕਾਲ ਦਰਵ ਸਹਾਇਕ ਹੈ।

ਪੁਦਗਲ ਦਰਵ ਦੇ ਉਪਕਾਰ ਇਸ ਪ੍ਰਕਾਰ ਹਨ (1) ਸ਼ਰੀਰ (2) ਬਾਣੀ (3) ਮਨ (4) ਸਾਹ (5) ਉਛਵਾਸ (6) ਸੁਖ ਦੁਖ (7) ਜਿੰਦਗੀ, (8) ਮੌਤ। ਇਹ ਸਭ ਪੁਦਗਲ ਹਨ।

## ਪੁਦਗਲ ਦੇ ਕੰਮ

ਸ਼ਬਦ, ਬੰਧ, ਸੁਖਮਤਵ, ਸਥੋਲਯ, ਸੰਸਥਾਨ, ਭੇਦ, ਤਮ, ਛਾਈਆ ਆਤਪ (ਹਨੇਰਾ) ਅਤੇ ਉਦਯੋਤ ਪੁਦਗਲ ਦੇ ਕੰਮ ਹਨ। ਇਹ ਸਭ ਜੀਵ ਲਈ ਸਹਿਯੋਗੀ ਹਨ।

ਔਦਾਰੀਕ ਆਦੀ ਸਰੀਰ ਦਾ ਨਿਰਮਾਣ ਪੁਦਗਲਾਂ ਰਾਹੀਂ ਹੁੰਦਾ ਹੈ। ਤੇਜਸ ਤੇ ਕਾਰਮਣ ਇੰਦਰੀਆਂ ਤੋਂ ਪਰੇ ਸੁਖਮ ਸਰੀਰ ਹਨ। ਇਹ ਸਰੀਰ ਸਾਹਮਣੇ ਵਿਖਾਈ ਦੇਣ ਵਾਲੇ ਔਦਾਰਿਕ ਦਾ ਸਿਟਾ ਹਨ। ਸਰੀਰ ਦੇ ਦੁਖ ਸੁਖ ਦਾ ਕਾਰਨ ਬਣਦੇ ਹਨ।

ਭਾਸ਼ਾ ਦੇ ਪੁਦਗਲਾ ਨੂੰ ਭਾਸ਼ਾ ਵਰਗਨਾ ਆਖਦੇ ਹਨ।

ਮਨ ਦੀਆ ਵਰਗਣਾ ਕਾਰਨ ਮਨੁੱਖ ਦੇ ਸਰੀਰ ਤੇ ਠੀਕ ਤੇ ਗਲਤ ਅਸਰ ਪੈਂਦਾ ਹੈ। ਮਨ ਦੇ ਵਰਗਨਾ ਨਾਲ ਮਨ ਦੀ ਉਤਪਤੀ ਦਾ ਕਾਰਣ ਹਨ।

ਆਤਮਾ ਰਾਹੀਂ ਸਰੀਰ ਵਿਚ ਪਹੁੰਚਾਇਆ ਪ੍ਰਾਣ ਵਾਯੂ [ਪ੍ਰਾਣ] ਅਤੇ ਪੇਟ ਰਾਹੀਂ ਬਾਹਰ ਕੱਢਿਆ ਜਾਣ ਵਾਲੀ ਉਛੱਵਾਸ ਵਾਯੂ [ਅਪਾਣ] ਇਹ ਦੋਹੇ ਪੁਦਗਲ ਹਨ।

ਅਚਾਰਿਆ ਨੇਮੀ ਚੰਦਰ ਅਨੁਸਾਰ ਪੁਦਗਲ ਸਰੀਰ ਨਿਰਮਾਨ ਵਿਚ ਸਹਾਇਕ ਬਣਦਾ ਹੈ, ਔਦਾਰਿਕ ਵਰਗਣਾ ਨਾਲ ਔਦਾਰਿਕ, ਵੈਕਰਿਆ ਵਰਗਣਾ ਨਾਲ ਵੈਕਰੀਆ, ਆਹਾਰਕ ਵਰਗਣਾ ਨਾਲ ਅਹਾਰਕ ਸ਼ਰੀਰ ਸ਼ਵਾਸੋਸਵਾਸ਼, ਤੇਜਸ ਵਰਗਣਾ ਰਾਹੀਂ ਤੇਜਸ ਸ਼ਰੀਰ, ਭਾਸ਼ਾ ਵਰਗਣਾ ਰਾਹੀਂ ਬਣੀ, ਮਨ ਵਰਗਣ ਰਾਹੀਂ ਮਨ ਅਤੇ ਕਰਮ ਵਰਗਣਾ ਰਾਹੀਂ

ਕਾਰਮਣ ਸਰੀਰ ਦੀ ਉਤਪਤੀ ਹੁੰਦੀ ਹੈ ।

ਸੁਖ ਦੁਖ ਅਤੇ ਜੀਵਨ ਮਰਨ ਦਾ ਕਾਰਣ ਵੀ ਪੁਦਗਲ ਹੈ। ਜੀਵ ਅਤੇ ਖਾਸ ਕਰਮ ਪੁਦਗਲ ਜੁੜੇ ਹੁੰਦੇ ਹਨ । ਕਰਮ ਪੁਦਗਲਾ ਨਾਲ ਹੀ ਜੀਵ ਦਾ ਸੰਬੰਧ ਉਸ ਦੀਆਂ ਭਿੰਨ ਭਿੰਨ ਕ੍ਰਿਆਵਾ ਅਤੇ ਮਾਨਸਿਕ ਅਵਸਥਾ ਨਾਲ ਜੁੜਦਾ ਹੈ । ਇਸ ਸਥਿਤੀ ਵਿਚ ਉਹ ਕਰਮ ਪੁਦਗਲ ਸੰਸਾਰੀ ਮਨੁੱਖਾਂ ਨੂੰ ਸੁਖ ਦੁਖ ਜੀਵਨ ਮਰਨ ਦਾ ਕਾਰਣ ਬਣੇ ਹਨ ।

ਪ੍ਰਮਾਣੂ ਰੂਪੀ ਪੁਦਗਲ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੁੰਦਾ । ਇਹ ਬਹੁਤ ਸੁਖਮ ਹੁੰਦਾ ਹੈ । ਫੇਰ ਵੀ ਇਹ ਮੂਰਤ [ਸ਼ਕਲ ਵਾਲਾ] ਹੈ ।

## ਛੇ ਦਰਵਾਂ ਦਾ ਨਿਤ (ਧਰੂਵ) ਗੁਣ

### ਧਰਮ

(1) ਅਰੂਪੀ (2) ਅਚੇਤਨ (3) ਅਕ੍ਰਿਆਵਾਨ (4) ਚਲਨ ਵਿਚ ਸਹਾਇਕ

### ਅਧਰਮ

(1) ਅਰੂਪੀ (2) ਅਚੇਤਨ (3) ਅਕ੍ਰਿਆ (4) ਰੁਕਣ ਵਿਚ ਸਹਾਇਕ

### ਅਕਾਸ਼

(1) ਅਰੂਪੀ (2) ਅਚੇਤਨ (3) ਅਕ੍ਰਿਆ (4) ਦਰਵਾਂ ਦੇ ਠਹਿਰਣ ਵਿਚ ਸਹਾਇਕ

### ਕਾਲ

1) ਅਰੂਪੀ 2) ਅਚੇਤਨ 3) ਅਕ੍ਰਿਆ 4) ਨਵੇਂ ਤੋਂ ਪੁਰਾਨੇ ਰੂਪ ਵਿਚ ਵੀਤਨਾ ।

### ਪੁਦਗਲ

1] ਰੂਪੀ 2] ਅਚੇਤਨ 3] ਕ੍ਰਿਆਵਾਨ 4] ਸੰਜੋਗ ਵਿਜੋਗ ਦੇ ਸੁਭਾਅ ਵਾਲਾ

### ਜੀਵ

1] ਅਨੰਤ ਗਿਆਨ 2] ਅਨੰਤ ਦਰਸ਼ਨ 3] ਅਨੰਤ ਸੁੱਖ 4] ਅਨੰਤ ਵੀਰਜ ।

ਇਨ੍ਹਾਂ ਗੁਣਾ ਵਿਚ ਅਕਾਸ਼ ਦਰੱਵ ਨੂੰ ਕ੍ਰਿਆ ਤੋਂ ਰਹਿਤ ਦਸਿਆ ਗਿਆ ਹੈ । ਅਕਾਸ਼ ਵਿਚ ਜੋ ਵੀ ਭਿੰਨ ਭਿੰਨ ਕ੍ਰਿਆਵਾਂ ਹੁੰਦੀਆਂ ਹਨ ਉਹ ਜੀਵ ਤੇ ਪੁਦਗਲ ਦੀ ਕ੍ਰਿਆ ਤੇ ਸੁਭਾਅ ਦਾ ਸਿਟਾ ਹੈ, ਅਕਾਸ਼ ਤਾਂ ਉਨਾਂ ਦਰਵਾਂ ਨੂੰ ਖੇਤਰ ਦਿੰਦਾ ਹੈ । ਜਿਵੇਂ ਘਰ ਵਿਚ ਉਠਣ, ਬੈਠਣ, ਚਲਣ, ਫਿਰਣ, ਖਾਣ, ਪੀਣ ਦੀਆਂ ਅਨੇਕਾਂ ਕ੍ਰਿਆਵਾਂ ਵਿਖਾਈ ਦਿੰਦੀਆਂ ਹਨ । ਉਹ ਕ੍ਰਿਆਵਾਂ ਘਰ ਨਹੀਂ ਕਰਦਾ, ਸਗੋਂ ਘਰ ਵਿਚ ਰਹਿਣ ਵਾਲੇ ਮਨੁੱਖ ਕਰਦੇ ਹਨ ।

ਅਕਾਸ਼ ਵਿਚ ਬਿਜਲੀ, ਬਦਲ, ਆਦਿ ਦੇ ਸ਼ਬਦ ਅਕਾਸ਼ ਵਿਚੋਂ ਨਹੀਂ ਸਗੋਂ

ਪੁਦਗਲਾਂ ਕਾਰਣ ਉਤਪੰਨ ਹੁੰਦੇ ਹਨ। ਆਕਸ਼ ਤਾਂ ਉਨਾਂ ਦਾ ਖੇਤਰ ਹੈ।

## ਛੇ ਦਰਵਾਂ ਦਾ ਉਪਕਾਰ

ਸਾਰਾ ਸੰਸਾਰ ਛੇ ਦਰਵਾਂ ਦਾ ਸੁਮੇਲ ਹੈ। ਧਰਮ ਗਤਿ ਵਿਚ ਸਹਾਇਕ ਹੈ ਅਧਰਮ ਰੁਕਾਨ ਵਿਚ ਸਹਾਇਕ ਹੈ ਅਕਾਸ਼ ਸਾਰੇ ਦਰਵਾਂ ਨੂੰ ਥਾਂ ਦਿੰਦਾ ਹੈ। ਕਾਲ ਦਾ ਸੁਭਾਅ ਇਸ ਪ੍ਰਕਾਰ ਹੈ।

## ਪੁਦਗਲ ਦਰਵ ਦਾ ਉਪਕਾਰ

1) ਪੁਦਗਲ ਦਰੱਵ ਦੀ ਧੁਨੀ ਦਾ ਰੂਪ ਸ਼ਬਦ ਹੈ ਜਿਸ ਦੇ ਭਿੰਨ ਭਿੰਨ ਰੂਪ ਹਨ।

2) ਮਿਲਣਾ, ਵਿਛੜਣਾ, ਸੁਭਾਅ ਹੋਣ ਕਾਰਣ ਪੁਦਗਲ ਬੰਧ ਦਾ ਕਾਰਣ ਹਨ।

3) ਪੁਦਗਲ ਵਿਚ ਛੋਟਾ ਤੇ ਬੜਾ ਭਾਗ ਹੁੰਦਾ ਹੈ।

4) ਪੁਦਗਲ ਵਿਚ ਪਤਲਾ ਪਨ ਤੇ ਮੋਟਾਪਾ ਵੀ ਹੁੰਦਾ ਹੈ।

5) ਪੁਦਗਲ ਗੋਲ, ਤਿਕੋਨੇ, ਚੋਰਸ, ਅਤੇ ਆਯਾਤ ਵਾਲੇ ਆਕਾਰ ਵਾਲੇ ਹੁੰਦੇ ਹਨ।

6) ਪੁਦਗਲ ਦੇ ਭੇਦ, ਟੁਕੜੇ. ਚੂਰਨ, ਕਣ ਕੀਤੇ ਜਾ ਸਕਦੇ ਹਨ।

7) ਪੁਦਗਲ ਦਾ ਜੋ ਹਿਸਾ ਵੇਖਣ ਵਿਚ ਰੁਕਾਵਟ ਬਣਦਾ ਹੈ ਉਹ ਤਮ [ਹਨੇਰਾ] ਹੈ।

8) ਪੁਦਗਲ ਦਾ ਜੋ ਹਿਸਾ ਚਾਨਣ ਨੂੰ ਢੱਕ ਲੈਂਦਾ ਹੈ ਉਹ ਛਾਂ ਹੈ।

9) ਪੁਦਗਲ ਦਾ ਇਕ ਭਾਗ ਧੁਪ ਹੈ।

10) ਪੁਦਗਲ ਦਾ ਇਕ ਭਾਗ ਚਾਨਣਾ ਜਾਂ ਸ਼ੀਤਲਤਾ ਹੈ।

## ਜੀਵ ਦਰਵ ਦਾ ਉਪਕਾਰ

ਇਕ ਦੂਸਰੇ ਜੀਵਾਂ ਤੇ ਉਪਕਾਰ ਕਰਨਾ ਜੀਵਾਂ ਦਾ ਕੰਮ ਹੈ ਜਿਵੇਂ ਮਾਲਕ ਦਾ ਨੌਕਰ ਤੇ ਤਨਖਾਹ ਦੇ ਕੇ ਗੁਰੂ ਦਾ ਚੇਲੇ ਨੂੰ ਸਿਖਿਆ ਦੇਣਾ।

### ਛੇ ਦਰਵਾਂ ਦਾ ਗੁਣ-ਪਰਿਆਏ ਨਿਰਨਾ

ਜੈਨ ਦਰਸ਼ਨ ਦੇ ਦਰਵ ਦਾ ਇਹ ਲੱਛਣ ਕਿਹਾ ਹੈ "ਦਰਵ ਉਹ ਹੈ ਜਿਸ ਵਿਚ ਗੁਣ ਤੇ ਪਰਿਆਏ ਹੋਣ। ਪਰਿਆਏ ਬਿਨਾਂ ਦਰਵ ਨਹੀਂ ਅਤੇ ਦਰੱਵ ਬਿਨਾਂ ਪਰਿਆਏ ਨਹੀਂ। ਜਿਸ ਵਿਚ ਗੁਣ ਜਰੂਰ ਰਹਿੰਦੇ ਹਨ, ਉਸ ਨੂੰ ਦਰਵ ਆਖਦੇ ਹਨ। ਗੁਣ ਉਹ ਹਨ ਜੋ ਸਦਾ ਦਰਵ ਵਿਚ ਰਹਿੰਦੇ ਹਨ ਅਤੇ ਆਪ ਨਿਰਗੁਣ ਹੁੰਦੇ ਹਨ। ਕੁਝ ਅਚਾਰਿਆ ਨੇ ਗੁਣ ਦੇ ਦੋ ਭੇਦ ਚੀਤੇ ਹਨ। ਸਹਭਾਵੀ ਅਤੇ ਕ੍ਰਮਭਾਵੀ। ਜੋ ਦਰੱਵ ਦੇ ਨਾਲ ਹਮੇਸ਼ਾਂ ਇਕ ਰੂਪ ਵਿਚ ਰਹਿੰਦੇ ਹਨ, ਉਹ ਸਹਿਭਾਵੀ ਗੁਣ ਹਨ, ਜਿਨ੍ਹਾਂ ਦਾ ਰੂਪ ਬਦਲਦਾ ਰਹਿੰਦਾ ਹੈ ਉਹ ਕ੍ਰਮਿਕ ਗੁਣ ਹਨ। ਜੋ ਛੇ ਦਰਵਾ ਵਿਚ ਸਮਾਨ ਹੋਣ ਉਹ ਸਮਾਨਯ ਸਹਿ ਭਾਵ ਗੁਣ ਹਨ ਅਤੇ ਜੋ ਵਿਸ਼ੇਸ਼ ਗੁਣ ਸਮਾਨਯ ਵਿਸ਼ੇਸ਼ ਦਰਵ ਵਿਚ ਹੋਣ ਉਹ ਵਿਸ਼ੇਸ਼ ਗੁਣ ਹਨ।

## ਸਮਾਨਯ ਸਹਿਭਾਵ ਗੁਣ 6 ਪ੍ਰਕਾਰ ਦੇ ਹਨ :

1) ਜਿਸ ਕਾਰਣ ਦਰਵ ਵਿਚ ਉਤਪਾਦ, ਵਿਆਏ, ਧਰੋਵਯ ਇਹ ਤਿੰਨ ਕ੍ਰਿਆਵਾਂ ਹੁੰਦੀਆਂ ਹਨ ਉਹ ਅਸੀਤੱਤਵ ਗੁਣ ਹੈ :

2) ਜਿਸ ਦੇ ਕਾਰਣ ਦਰਵ ਕੋਈ ਨਾ ਕੋਈ ਅਰਥ ਪੂਰਨ ਕ੍ਰਿਆ ਕਰੇ ਉਹ ਵਸ ਤਤਵ ਹੈ :

3) ਜਿਸ ਕਾਰਣ ਦਰਵ ਇਸ ਤਰ੍ਹਾਂ ਦਾ ਨਾ ਰਹਿ ਕੇ ਨਵੀਂ ਨਵੀਂ ਹਾਲਤ ਅਵ-ਸਥਾ ਧਾਰਨ ਕਰਦਾ ਹੈ ਉਹ ਦਰਵਤਤਵ ਗੁਣ ਹੈ ।

4) ਜਿਸ ਦੇ ਕਾਰਣ ਦਰਵ ਗਿਆਨ ਰਾਹੀਂ ਜਾਣੀਆ ਜਾ ਸਕੇ, ਉਹ ਪ੍ਰੇਮਯਤੱਤਵ ਗੁਣ ਹੈ ।

5) ਜਿਸ ਦੇ ਕਾਰਣ ਦਰਵ ਦੇ ਪ੍ਰਦੇਸ਼ਾ ਦਾ ਮਾਪ ਕੀਤਾ ਜਾ ਸਕੇ, ਉਹ ਪ੍ਰਦੇਸ਼ਤਵ ਗੁਣ ਹੈ ।

6) ਜੋ ਦਰਵ ਕੋਈ ਨਾ ਕੋਈ ਅਕਾਰ ਬਣਾ ਕੇ ਰਖੇ ਅਤੇ ਉਸ ਦੇ ਗੁਣਾਂ ਨੂੰ ਵਿਚਾਰ ਕੇ ਅੱਡ ਨਾ ਹੋਣ ਦੇਵੇ. ਉਹ ਅਗੁਰੂਲਘਤਵ ਭਾਵ ਹੈ ।

**ਵਿਸ਼ੇਸ਼ ਸਹਿਭਾਵੀ ਗੁਣ** :

1) ਗਤੀ ਸਹਾਇਕ (2) ਸਥਿਤੀ ਸਹਾਇਕ 3) ਅਵਗਾਹ ਸਹਾਇਕ 4) ਵਰਤਨ, ਅਧਰਮ, ਅਕਾਸ਼ ਅਤੇ ਕਾਲ ਦਰਵ ਦੇ ਵਿਸ਼ੇਸ਼ ਗੁਣ । (5-9) ਵਰਨ, ਗੰਧ-ਰਗ, ਸਪਰਸ਼, ਮੂਰਤੀ (ਪੁਦਗਲ ਦੇ ਵਿਸ਼ੇਸ਼ ਗੁਣ) (10-14) ਗਿਆਨ, ਦਰਸ਼ਨ, ਵੀਰਜ, ਸੁਖ ਅਤੇ ਚੇਤਨ (ਜੀਵ ਦੇ ਵਿਸ਼ੇਸ਼ ਗੁਣ) (15) ਅਮੂਰਤੀਤੱਤਵ : ਇਹ ਵਿਸ਼ੇਸ਼ ਗੁਣ ਜੀਵ ਨੂੰ ਛਡ ਕੇ ਪੰਜ ਦਰਵਾਂ ਵਿਚ ਹੈ । (16) ਪ੍ਰਚੇਤਨ (ਜੜ੍ਹਤਾ ਇਹ ਗੁਣ ਜੀਵ ਨੂੰ ਛੱਡ ਕੇ 5 ਦਰਵਾਂ ਵਿਚ ਹੈ ।

**ਛੇ ਦਰਵਾਂ ਦੇ ਗੁਣ** :

1) ਨਿਸ਼ਚੈ ਨਯ (ਵੇਖੋ ਨਯਾਵਾਦ,) ਪਖੋਂ ਸਾਰੇ ਦਰਵ ਪਰਿਣਾਮੀ ਹਨ । ਵਿਵ-ਹਾਰ ਨਯ ਪਖੋਂ ਜੀਵ ਅਤੇ ਪੁਦਗਲ ਹੀ ਪਰਿਣਾਮ ਹਨ ।

2) ਛੇ ਦਰਵਾ ਵਿਚ ਇਕ ਜੀਵ ਅਤੇ 5 ਅਜੀਵ ਹਨ ।

3) ਛੇ ਦਰਵਾ ਵਿਚ ਇਕ ਕਾਲ ਦਰਵ ਅਪ੍ਰਦੇਸ਼ੀ ਹੈ ਬਾਕੀ ਪੰਜ ਦਰਵ ਪ੍ਰਦੇਸ਼ ਵਾਲੇ ਹਨ ।

4) ਛੇ ਦਰੱਵਾ ਵਿਚ ਇਕ ਪੁਦਗਲ ਦਰਵ ਰੂਪੀ (ਮੂਰਤਕ) ਹੈ ਬਾਕੀ ਅਰੂਪੀ ਹਨ ।

5) ਛੇ ਦਰਵਾਂ ਵਿਚ ਧਰਮ, ਅਧਰਮ, ਅਕਾਸ਼ ਇਕ ਇਕ ਦਰਵ ਹੈ ਬਾਕੀ ਜੀਵ, ਪੁਦਗਲ ਅਤੇ ਕਾਲ ਅਨੰਤ ਹਨ ।

6) ਨਿਸ਼ਚੱਨਯ ਤੋਂ 6 ਦਰਵ ਸਕ੍ਰਿਆ (ਅਰਥ ਕ੍ਰਿਆਕਾਰੀ) ਹਨ ਪਰ ਵਿਵਹਾਰ ਨਯ ਤੋਂ ਜੀਵ ਅਤੇ ਪੁਦਗਲ ਹੀ ਕ੍ਰਿਆ ਹਨ ਬਾਕੀ 4 ਅਕ੍ਰਿਆ ਹਨ।

7) ਨਿਸ਼ਚੈ ਨਯ ਤੋਂ 6 ਦਰਵ ਨਿੱਤ ਵੀ ਹਨ, ਅਸਿਤੱਤਵੀ ਹਨ ਪਰ ਵਿਵਹਾਰ ਨਯ ਤੋਂ ਜੀਵ ਅਤੇ ਪੁਦਗਲ ਦੋ ਹੀ ਦਰਵ ਅਨਿੱਤ ਹਨ। ਬਾਕੀ ਦਰਵ ਨਿਤ ਹਨ।

8) ਛੇ ਦਰਵਾਂ ਵਿਚ ਇਕ ਜੀਵ ਦਰਵ ਕਾਰਣ ਹੈ ਬਾਕੀ ਅਕਾਰਣ ਹਨ।

9) ਨਿਸ਼ਚੇ ਨਯ ਤੋਂ 6 ਦਰਵ ਆਪਣੇ ਆਪਣੇ ਸੁਭਾਵ ਦੇ ਕਰਤਾ ਹਨ ਵਿਵਹਾਰ ਨਯ ਪਖੋਂ ਜੀਵ ਦਰਵ ਹੀ ਕਰਤਾ ਹੈ ਬਾਕੀ 5 ਅਕਰਤਾ ਹਨ।

10) ਛੇ ਦਰਵਾਂ ਵਿਚ ਇਕ ਅਕਾਸ਼ ਦਰਵ ਹੀ ਸਰਵ ਵਿਆਪਕ ਤੇ ਬਾਕੀ ਦਰਵ, ਕੇਵਲ ਲੋਕ ਵਿਚ ਵਿਆਪਕ ਹਨ।

11) ਛੇ ਦਰਵ ਇਕ ਖੇਤਰ ਵਿਚ ਠਹਿਰੇ ਹੋਏ ਹਨ ਪਰ ਗੁਣ ਸਭ ਦੇ ਅੱਡ ਅੱਡ ਹਨ।

ਛੇ ਦਰਵਾਂ ਦਾ ਸਵਰੂਪ ਅਰਿਹੰਤ ਨੇ ਕੇਵਲ ਗਿਆਨ ਨਾਲ ਵੇਖਿਆ ਹੈ ਉਹ ਹੀ ਸਾਨੂੰ ਦਸਿਆ ਹੈ। ਇਸ ਤੇ ਵਿਸ਼ਵਾਸ਼ ਕਰਨ ਨਾਲ ਸ੍ਰਿਸ਼ਟੀ ਦਾ ਕ੍ਰਮ, ਆਤਮਾ ਅਤੇ ਪ੍ਰਮਾਤਮਾ ਦਾ ਗਿਆਨ ਹੋ ਜਾਂਦਾ ਹੈ।

**ਅਲੋਕ**

ਜਿਥੇ ਛੇ ਦਰਵ ਹਨ ਉਹ ਲੋਕ ਹੈ ਪਰ ਜਿਥੇ ਕੇਵਲ ਅਕਾਸ਼ ਹੈ ਉਹ ਸਥਾਨ ਅਲੋਕ ਹੈ।

# ਜੈਨ ਦਰਸ਼ਨ

ਅਨੇਕਾਂਤਵਾਦ

ਪ੍ਰਮਾਣ-ਨਯ

ਨਿਕਸ਼ੇਪ


ਆਤਮਾ

ਕਰਮਵਾਦ

ਲੋਕਵਾਦ

ਪ੍ਰਮਾਤਮਾਂ

ਮੋਕਸ਼



# ਜੈਨ ਦਰਸ਼ਨ ਦਾ ਪ੍ਰਾਣ : ਅਨੇਕਾਂਤਵਾਦ

ਜੈਨ ਦਰਸ਼ਨ ਨੂੰ ਜੇ ਕੋਈ ਇਕ ਸ਼ਬਦ ਵਿਚ ਬਿਆਨ ਕਰਨਾ ਚਾਹੇ ਤਾਂ ਉਹ ਅਹਿੰਸਾ ਨਹੀਂ ਹੋਵੇਗਾ, ਉਹ ਸ਼ਬਦ ਹੋਵੇਗਾ 'ਅਨੇਕਾਂਤ'। ਇਸ ਨੂੰ ਸਿਆਦਵਾਦ ਜਾਂ ਸ਼ੱਪਤ ਭੰਗੀ ਵੀ ਆਖਦੇ ਹਨ। ਠੀਕ ਹੈ ਕਿ ਜੈਨ ਦਾਰਸ਼ਨਿਕਾਂ ਨੇ ਅਹਿੰਸਾ ਦੀ ਵਿਆਖਿਆ ਖੁੱਲ ਕੇ ਕੀਤੀ ਹੈ। ਪਰ ਜੈਨ ਤੱਤਵ ਦਰਸ਼ਨ ਦਾ ਪ੍ਰਾਣ ਤਾਂ ਇਹ ਅਨੇਕਾਂਤ ਵਾਦ ਦਾ ਸਿਧਾਂਤ ਹੈ। ਇਹ ਸਿਧਾਂਤ ਨੂੰ ਜੇ ਕੋਈ ਸਮਝ ਲਵੇ ਤਾਂ ਜੈਨ ਧਰਮ, ਦਰਸ਼ਨ ਜਾਂ ਪ੍ਰੰਪਰਾ ਬਾਰੇ ਕੁਝ ਵੀ ਸਮਝਣਾ ਬਾਕੀ ਨਹੀਂ ਰਹਿ ਜਾਂਦਾ। ਆਖਿਰ ਇਹ ਅਨੇਕਾਂਤ ਵਾਦ ਦਾ ਸਿਧਾਂਤ ਕੀ ਹੈ ? ਜੋ ਜੈਨ ਦਰਸ਼ਨ ਦਾ ਪ੍ਰਾਣ ਹੀ ਨਹੀਂ, ਸਗੋਂ ਆਤਮਾ ਵੀ ਹੈ ਅਜ ਧਾਰਮਿਕ ਜਗਤ ਵਿਚ ਹੀ ਨਹੀਂ ਵਿਗਿਆਨਕ ਆਇਨਸਟਨ ਨੇ ਵੀ ਇਸ ਸਿਧਾਂਤ ਨੂੰ ਵਿਗਿਆਨਕ ਜਗਤ ਵਿਚ ਸਾਪੇਖਵਾਦ ਵਝੋਂ ਮਾਨਤਾ ਦਿਵਾਈ ਹੈ।

**ਅਨੇਕਾਂਤ ਸ਼ਬਦ ਦਾ ਅਰਥ** :

ਅਸੀਂ ਜਿਸ ਸੰਸਾਰ ਵਿਚ ਰਹਿੰਦੇ ਹਾਂ ਉਹ ਦਵੰਦ ਆਤਮਕ ਹੈ ਉਸ ਵਿਚ ਚੇਤਨ ਸਤਾ ਵੀ ਹੈ ਅਚੇਤਨ ਵੀ ਹੈ। ਦੋਹਾਂ ਦੀ ਹੋਂਦ ਸੁਤੰਤਰ ਹੈ। ਚੇਤਨ ਤੋਂ ਅਚੇਤਨ ਉਤਪਤਿ ਨਹੀਂ ਹੈ ਅਚੇਤਨ ਤੋਂ ਚੇਤਨ ਨਹੀਂ। ਚੇਤਨ ਅਤੇ ਅਚੇਤਨ ਭੂਤ, ਵਰਤਮਾਨ ਅਤੇ ਭਵਿਖ ਵਿਚ ਵੀ ਰਹਿੰਦੇ ਹਨ। ਦੋਹੇ ਆਪਸ ਵਿਚ ਦੁੱਧ ਅਤੇ ਪਾਣੀ ਦੀ ਤਰ੍ਹਾਂ ਮਿਲੇ ਹੋਏ ਹਨ। ਸ਼ਰੀਰ ਅਚੇਤਨ ਹੈ ਆਤਮ ਚੇਤਨ ਹੈ। ਦੋਹੇ ਇਕ ਦੂਸਰੇ ਤੋਂ ਪ੍ਰਭਾਵਿਤ ਹਨ। ਅਚੇਤਨ ਜੀਵ ਹੈ ਅਚੇਤਨ ਦੇ ਅਸਰ ਤੋਂ ਮੁਕਤ ਜੀਵ, ਨਿਰਾਕਾਰ, ਮੁਕਤ ਪ੍ਰਮਾਤਮਾ ਹੈ। ਬੰਧ ਵਿਚ ਫਸੇ, ਜੀਵ ਦੀ ਵਿਆਖਿਆ ਸਾਪੇਖ (ਕਿਸੇ ਪੱਖੋਂ) ਤੋਂ ਹੀ ਕੀਤੀ ਜਾ ਸਕਦੀ ਹੈ।

ਹਰ ਪਦਾਰਥ ਅਖੰਡ ਹੈ ਉਹ ਆਪਣੇ ਆਪ ਵਿਚ ਇਕ ਹੈ, ਅਨੰਤ ਧਰਮ (ਗੁਣਾਂ) ਵਾਲਾ ਹੈ। ਉਸ ਵਿਚ ਉਤਪਾਦ, ਵਿਆਏ ਅਤੇ ਧਰੋਵਯ ਤਿੰਨ ਗੁਣ ਵਿਦਮਾਨ ਹਨ। ਉਤਪਾਦ ਅਤੇ ਵਿਆਏ ਪਰਿਵਰਤਨ ਦਾ ਪ੍ਰਤੀਕ ਹਨ। ਧਰੋਵਯ ਨਿੱਤ (ਹਮੇਸ਼ਾ ਰਹਿਣ ਵਾਲਾ) ਹੈ। ਹਰ ਵਸਤੂ ਵਿਚ ਸਥਿਰਤਾ ਸਮਾਨਤਾ ਤੇ ਇਕ ਰੂਪਤਾ ਹੁੰਦੀ ਹੈ। ਪਰਿਵਰਤਨ ਸਮੇਂ ਵੀ ਪਹਿਲੇ ਰੂਪ ਦਾ ਵਿਨਾਸ਼ ਹੁੰਦਾ ਹੈ। ਫੇਰ ਉਤਰ ਰੂਪ ਵਿਚ ਉਤਪਤਿ ਹੁੰਦੀ ਹੈ। ਇਸ ਦੋਹਾਰਾਨ ਵਸਤੂ ਦਾ ਮੂਲ ਸਵਰੂਪ ਨਹੀਂ ਬਦਲਦਾ। ਜਿਵੇਂ ਸੁਨਿਆਰ ਹਾਰ ਤੋੜ ਕੇ ਕੰਗਨ ਬਨਾਉਂਦਾ ਹੈ ਇਸ ਵਿਚ ਹਾਰ ਦਾ ਵਿਨਾਸ਼ ਹੁੰਦਾ ਹੈ। ਪਰ ਉਤਪਾਦ ਅਤੇ ਵਿਆਏ ਵਿਚ ਸੋਨਾ ਹੀ ਜ਼ਿਮੇਵਾਰ ਹੈ। ਇਸ ਤਰ੍ਹਾਂ ਵਸਤੂਆਂ ਦੇ ਉਤਪਾਦ, ਵਿਆਏ ਸਮੇਂ ਮੂਲ ਰੂਪ ਵਿਚ ਪਰੀਵਰਤਨ ਨਹੀਂ ਹੁੰਦਾ। ਵਸਤੂ ਦੀ ਜੋ ਇਹ ਸਥਿਰਤਾ ਹੈ ਉਸ ਨੂੰ ਨਿੱਤ, ਧਰੁਵ ਅਤੇ ਸ਼ਾਸਵਤ ਆਖਦੇ ਹਨ। ਪਰੀਆਏ ਤੋਂ ਭਾਵ ਭਿੰਨ ਭਿੰਨ ਅਕਾਰ ਜਾਂ ਅਵਸਥਾ ਹੈ।

ਅਨੇਕਾਂਤਵਾਦ ਵਿਚ ਅੰਤ ਪਦ ਦਾ ਅਰਥ ਹੈ—ਧਰਮ। ਵਸਤੂ ਦੇ ਅਨੇਕ ਸੁਭਾਅ ਜਾਂ ਅਨੰਤ ਧਰਮ ਦਾ ਕਥਨ। ਜੈਨ ਦਰਸ਼ਨ ਅਨੁਸਾਰ ਹਰ ਵਸਤੂ ਚਾਹੇ ਜੀਵ ਹੈ ਜਾਂ ਅਜੀਵ। ਉਸ ਵਿਚ ਉਤਪਾਦ, ਵਿਆਏ, ਧਰੌਵਯ ਸ਼ੀਲਤਾ ਹੈ। ਵਸਤੂ ਦੇ ਆਪਸੀ ਵਿਰੋਧੀ ਦਵੰਦਾਂ ਦੀ ਮਾਨਤਾ ਅਨੇਕਾਂਤ ਵਾਦ ਹੈ ਅਤੇ ਅਨੇਕਾਤ ਵਾਦ ਦੀ ਕਥਨ ਸ਼ੈਲੀ ਸਿਆਦ ਵਾਦ ਹੈ। ਜੈਨ ਅਚਾਰੀਆਂ ਨੇ ਇਸ ਸਿਧਾਂਤ ਤੇ ਕਈ ਸੁਤੰਤਰ ਗ੍ਰੰਥ ਲਿਖੇ ਹਨ।

ਸਿਆਦਵਾਦ ਵਿਚ ਦੋ ਪੱਦ ਹਨ। ਸਿਆਦ ਦਾ ਅਰਥ ਹੈ ਕਿਸੇ ਪੱਖ ਤੋਂ। ਭਾਵ ਸੱਚ ਦੇ ਅਨੇਕਾਂ ਪੱਖ ਹਨ। ਕਿਸੇ ਪੱਖ ਤੋਂ ਕੋਈ ਪੱਖ ਠੀਕ ਹੈ ਤਾਂ ਦੂਸਰੇ ਪੱਖ ਤੋਂ ਕੋਈ ਹੋਰ ਪੱਖ ਠੀਕ ਹੈ। ਸੰਕਰਾ ਅਚਾਰੀਆ, ਸਵਾਮੀ ਦਿਆਨੰਦ ਬਾਣੀ ਆਰੀਆ ਸਮਾਜ, ਅਤੇ ਡਾਕਟਰ ਰਾਧਾ ਕ੍ਰਿਸ਼ਨ ਨੇ ਸਿਆਦ ਦਾ ਅਰਥ ਸ਼ਾਇਦ ਕੀਤਾ ਹੈ ਸਿਟੇ ਵਜੋਂ, ਉਨ੍ਹਾਂ ਇਸ ਸਿਧਾਂਤ ਨੂੰ ਸੰਸ਼ਯਵਾਦ ਆਖਿਆ ਹੈ। ਜੋ ਜੈਨ ਪ੍ਰੰਪਰਾ ਅਨੁਸਾਰ ਗਲਤ ਹੈ।

**ਸ਼ਪਤਭੰਗੀ**

ਸਿਆਦ ਵਾਦ ਵਿਚ ਇਕ ਵਚਨ ਨੂੰ 7 ਪ੍ਰਕਾਰ ਨਾਲ ਕਥਨ ਕੀਤਾ ਜਾਂਦਾ ਹੈ ਜੋ ਜਾਨਣਾ ਜ਼ਰੂਰੀ ਹੈ। ਇਹ ਸਭ ਵਚਨ ਸਾਪੇਖ (ਕਿਸੇ ਪੱਖ ਤੋਂ) ਹੈ।

(1) ਸਿਆਦ ਆਸਤੀ :—ਕਿਸੇ ਪਖੋਂ ਹੈ।

(2) ਸਿਆਦ ਨਾਸਤੀ :—ਕਿਸੇ ਪਖੋਂ ਨਹੀਂ ਹੈ।

(3) ਸਿਆਦ ਆਸਤੀਨਾਸਤੀ :—ਕਿਸੇ ਪੱਖੋਂ ਹੈ ਅਤੇ ਕਿਸੇ ਪਖੋਂ ਨਹੀਂ ਹੈ।

(4) ਸਿਆਦ ਅਵੱਕਤਯ :—ਕਿਸੇ ਪਖੋਂ ਨਾਂ ਆਖਣ ਯੋਗ ਹੈ

(5) ਸਿਆਦ ਆਸਤੀ, ਸਿਆਦ ਅਵਕੱਤਵਯ :—ਕਿਸੇ ਪਖੋਂ ਹੈ ਅਤੇ ਕਿਸੇ ਪਖੋਂ ਨਾਂ ਆਖਣ ਯੋਗ ਹੈ।

(6) ਸਿਆਦ ਨਾਸਤੀ, ਸਿਆਦ ਅਵਕੱਤਵਯ :—ਕਿਸੇ ਪਖੋਂ ਨਹੀਂ ਹੈ, ਕਿਸੇ ਪਖੋਂ ਨਾਂ ਵਰਨਣ ਯੋਗ ਹੈ।

(7) ਸਿਆਦ ਆਸਤੀ, ਸਿਆਦ ਨਾਸਤੀ ਅਤੇ ਸਿਆਦ ਅਵਕੱਤਵਯ :—ਕਿਸੇ ਪਖੋਂ ਹੈ, ਕਿਸੇ ਪਖੋਂ ਨਹੀਂ ਹੈ, ਕਿਸੇ ਪਖੋਂ ਨਾਂ ਵਰਨਣ ਯੋਗ ਹੈ।

ਪਹਿਲੇ 4 ਬੋਲਾਂ ਦਾ ਵਿਸਥਾਰ ਹੀ ਅੰਤਮ ਤਿੰਨ ਬੋਲ ਹਨ। ਸਿਆਦ ਵਾਦ ਦੀ ਹਾਂ, ਨਾਂ, ਨਾਂ ਆਖਣ ਯੋਗ ਬੋਲ ਵਸਤੂ ਦੇ ਦਰਵ ਖੇਤਰ, ਕਾਲ ਅਤੇ ਭਾਵ ਤੇ ਨਿਰਭਰ ਕਰਦੇ ਹਨ।

**ਕੁਝ ਉਦਾਹਰਣ :**

ਜਿਵੇਂ ਅਸੀਂ ਉਪਰ ਅਨੇਕਾਂਤਵਾਦ ਵਰਗੇ ਸਿਧਾਂਤ ਦਾ ਸੰਖੇਪ ਵਰਨਣ ਕਰਦੇ ਸਤ ਬੋਲ ਲਿਖੇ ਹਨ। ਅਸੀਂ ਇਨ੍ਹਾਂ ਨੂੰ ਦੋ ਉਦਾਹਰਨਾ ਰਾਹੀਂ ਸਿਧ ਕਰਾਂਗੇ।

ਇਕ ਪਦਾਰਥ ਵਿਚ ਬਹੁਤ ਸਾਰੇ ਵਿਖਾਈ ਦੇਣ ਵਾਲੇ ਸੁਭਾਵ ਹੁੰਦੇ ਹਨ ਸਭ ਦਾ

ਵਰਨਣ ਇਕ ਵਾਰ ਜਾਂ ਇਕ ਹੀ ਸਮੇਂ ਨਹੀਂ ਕੀਤਾ ਜਾ ਸਕਦਾ। ਜਿਸ ਕਾਲ ਜਾਂ ਸੁਭਾਅ ਦਾ ਕਥਨ ਕਰਨਾ ਹੋਵੇ, ਉਸ ਨਾਲ ਸਿਆਦ—ਕਿਸੇ ਪਖੋਂ ਪ੍ਰਯੋਗ ਕਰਨਾ ਚਾਹੀਦਾ ਹੈ।

ਇਕ ਆਦਮੀ ਦੁਕਾਨ ਤੇ ਬੈਠਾ ਹੈ ਉਹ ਕਿਸੇ ਦਾ ਪਿਤਾ ਹੈ,ਉਹ ਕਿਸੇ ਦਾ ਪੁਤਰ ਹੈ ਪੋਤਰਾ ਹੈ, ਭਾਈ ਹੈ, ਪਤੀ ਹੈ, ਮਿਤੱਰ ਹੈ। ਉਸ ਨੂੰ ਇਕ ਰੂਪ ਵਿਚ ਇਸ ਪ੍ਰਕਾਰ ਆਖ ਸਕਦੇ ਹਾਂ।

"ਪੁਤਰ ਪਖੋਂ ਪਿਤਾ ਹੈ ਆਪਣੇ ਪਿਤਾ ਪਖੋਂ ਉਹ ਪਿਤਾ ਨਹੀਂ ਹੈ ਬਾਬੇ ਪਖੋਂ ਪੋਤਰਾ ਹੈ, ਭਾਈ ਪਖੋਂ ਭਾਈ ਹੈ, ਪਤਨੀ ਪਖੋਂ ਪਤੀ ਹੈ ਮਿੱਤਰ ਪਖੋਂ ਮਿੱਤਰ ਹੈ।"ਇਥੇ ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਵਿਅਕਤੀ ਇਕ ਹੈ ਪਰ ਹਰ ਪਖੋਂ ਉਸ ਦਾ ਰਿਸ਼ਤਾ ਵੱਖ 2 ਹੈ। ਸਾਰੇ ਪੱਖ ਸੱਚ ਹਨ। ਜੇ ਪੁੱਤਰ ਆਖੇ ਇਹ ਮੇਰਾ ਪਿਤਾ **ਹੀ** ਹੈ ਹੋਰ ਕੁਝ ਨਹੀਂ ਤਾਂ ਝਗੜਾ ਪੈਦਾ ਹੋ ਜਾਂਦਾ ਹੈ। ਭਾਂਵੇਂ ਪੁੱਤਰ ਬਿਲਕੁਲ ਸੱਚਾ ਹੈ, ਪਰ ਉਹ ਇਹ ਸੱਚੀ ਗੱਲ ਆਖਦਾ, ਹੋਇਆ ਹੋਰ ਮਨੁੱਖਾਂ ਦੇ ਸੱਚੇ ਸੰਬੰਧਾਂ ਪ੍ਰਤੀ ਅਣਗਹਿਲੀ ਕਰੇਗਾ ਉਸ ਦਾ '**ਹੀ**'ਆਖਣਾ ਲੜਾਈ ਝਗੜੇ ਤੇ ਹਿੰਸਾ ਦਾ ਕਾਰਣ ਬਣ ਸਕਦਾ ਹੈ ਅਜੇਹੇ ਸਮੇਂ ਅਨੇਕਾਂਤ ਵਾਦੀ ਸਿਧਾਂਤ ਵਾਲਾ ਪੁਰਸ਼ ਜੱਜ ਦਾ ਕੰਮ ਕਰੇਗਾ।

ਸੰਸਾਰ ਦੇ ਧਾਰਮਿਕ ਦਰਸਨ ਸਿਰਫ 'ਹੀ' ਤੇ ਖੜੇ ਹਨ। ਸਭ ਆਖਦੇ ਹਨ ਕਿ ਆਖਰੀ ਸੱਚ ਉਸ ਧਰਮ ਕੋਲ ਹੀ ਹੈ ਪਰ ਸੱਚ ਤਾਂ ਅਸੀਮ ਹੈ। ਉਸ ਸੱਚ ਨੂੰ ਅਨੇਕਾਤ ਵਾਦ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਜੈਨ ਧਰਮੀ ਕਦੇ ਇਹ ਨਹੀਂ ਆਖਦਾ ਕਿ ਜੋ ਮੈਂ ਆਖਦਾ ਹਾਂ ਉਹ ਹੀ ਸੱਚ ਹੈ। ਜੈਨ ਧਰਮੀ ਹਮੇਸ਼ਾ ਆਖਦਾ ਹੈ "ਜੋ ਸੱਚਾ ਹੈ, ਚਾਹੇ ਉਹ ਕਿਸੇ ਕੋਲ ਵੀ ਹੈ, ਉਹ ਹੀ ਠੀਕ ਹੈ।" ਸਾਰੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਲੜਾਈਆਂ ਦਾ ਕਾਰਣ ਏਕਾਂਤ (ਇਕ ਪਾਸੜ) ਚਿੰਤਨ ਹੈ। ਪਰ ਪੱਖ ਵਿਚ ਕੁਝ ਸਚਾਈ ਨੂੰ ਮੰਨਣਾ ਅਨੇਕਾਂਤ ਵਾਦੀ ਦਾ ਸੁਭਾਵ ਹੈ।

## ਸ਼ਪਤ ਭੰਗੀ ਸੰਭਧੀ ਉਦਾਹਰਨ :

ਸ਼ਪਤ ਭੰਗੀ ਜਾ ਸਿਆਦ ਵਾਦ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਇਕ ਚੇਲਾ ਗੁਰੂ ਤੋਂ ਆਤਮਾ ਵਾਰੇ ਪ੍ਰਸ਼ਨ ਕਰਦਾ ਹੈ, ਗੁਰੂ ਉਸ ਨੂੰ ਇਕ ਨਹੀਂ, ਇਕੋ ਸਮੇਂ ਸਤ ਉੱਤਰ ਸ਼ਪਤ ਭੰਗੀ ਨਾਲ ਇਸ ਤਰ੍ਹਾਂ ਦਿੰਦਾ ਹੈ।

(1) ਪ੍ਰਸ਼ਨ : ਆਤਮਾ ਨਿੱਤ ਹੈ ?

ਉੱਤਰ : ਆਤਮਾ ਸਦਾ ਬਨਿਆ ਰਹਿਨ ਕਾਰਣ ਨਿਤ ਹੈ।

2) ਪ੍ਰਸ਼ਨ : ਆਤਮਾ ਅਨਿੱਤ ਹੈ ?

ਉੱਤਰ : ਹਾਂ ਆਤਮਾ ਅਵੱਸਥਾਵਾਂ ਪਰੀਵਰਤਨ ਕਰਦਾ ਰਹਿੰਦਾ ਹੈ ਇਸ ਪਖੋਂ ਅਨਿੱਤ ਹੈ।

(3) ਪ੍ਰਸ਼ਨ : ਕਿ ਆਤਮਾ ਨਿੱਤ ਅਤੇ ਅਨਿੱਤ ਦੋਵੇਂ ਤਰ੍ਹਾਂ ਦਾ ਹੈ ?

ਉੱਤਰ : ਹਾਂ ਆਤਮ ਇਕੋ ਸਮੇਂ ਨਿੱਤ ਅਤੇ ਅਨਿੱਤ ਵੀ ਹੈ ਜਿਵੇਂ ਸੋਨੇ ਦੀ ਅੰਗੂਠੀ ਤੋੜ ਕੇ ਕੁੰਡਲ ਬਨਾਉਣ ਤੇ ਵੀ ਮੂਲ ਸੋਨਾ ਰਹਿੰਦਾ ਹੈ। ਇਸੇ ਤਰ੍ਹਾਂ ਜਨਮ-ਮਰਨ ਦੇ ਚਕਰ ਸਮੇਂ ਆਤਮਾ ਦਾ ਮੂਲ ਸਵਰੂਪ ਬਣਿਆ ਰਹਿੰਦਾ ਹੈ।

(4) ਪ੍ਰਸ਼ਨ : ਕਿ ਇਹ ਦੋਹੇ ਗੱਲਾਂ (ਨਿੱਤ ਅਨਿੱਤ) ਅਸੀਂ ਇਕੋ ਸਮੇਂ ਨਹੀਂ ਆਖ ਸਕਦੇ ?

ਉੱਤਰ : ਸ਼ਬਦਾਂ ਵਿਚ ਸ਼ਕਤੀ ਨਾ ਹੋਣ ਕਾਰਣ ਆਤਮਾ ਅਵਕੱਤਯ ਹੈ ਭਾਵ ਸ਼ਬਦਾਂ ਨਾਲ ਆਤਮਾ ਦੀ ਵਿਆਖਿਆ ਨਹੀਂ ਹੋ ਸਕਦੀ। (ਕਿਉਂਕਿ ਨਿਰਕਾਰ ਆਤਮਾ ਅਨੁਭਵ ਦਾ ਵਿਸ਼ਾ ਹੈ।)

(5) ਪ੍ਰਸ਼ਨ : ਕਿ ਅਵੱਕਤੱਯ ਹੋਣ ਕਾਰਣ ਨਿੱਤ ਹੈ ?

ਉੱਤਰ : ਹਾਂ, ਜਿਸ ਸਮੇਂ ਅਵਕੱਤਯ (ਨਾ ਆਖਣ ਯੋਗ) ਹੁੰਦਾ ਹੈ ਉਸ ਸਮੇਂ ਆਤਮਾ ਨਿੱਤ ਵੀ ਹੁੰਦਾ ਹੈ।

(6) ਪ੍ਰਸ਼ਨ : ਕਿ ਅਵੱਕਤਵਯ ਹੁੰਦੇ ਹੋਏ ਅਨਿੱਤ ਵੀ ਹੈ ?

ਉੱਤਰ : ਹਾਂ ਜਿਸ ਸਮੇਂ ਅਵੱਕਤਵਯ ਹੁੰਦਾ ਹੈ ਉਸ ਸਮੇਂ ਅਨਿੱਤ ਵੀ ਹੁੰਦਾ ਹੈ।

(7) ਪ੍ਰਸ਼ਨ : ਕਿ ਅਵੱਕਤਵਯ ਹੁੰਦੇ ਹੋਏ ਵੀ ਨਿਤ-ਅਨਿੱਤ ਵੀ ਹੈ ?

ਉੱਤਰ : ਹਾਂ, ਜਿਸ ਸਮੇਂ ਅਵੱਕਤਵਯ ਹੁੰਦਾ ਹੈ ਉਸ ਸਮੇਂ ਨਿੱਤ ਅਨਿੱਤ ਵੀ ਹੁੰਦਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਹਰ ਪਦਾਰਥ ਸਵੈ ਦਰਵ, ਸਵੈ ਖੇਤਰ, ਸਵੈ ਕਾਲ, ਸਵੈ ਭਾਵ, ਦੀ ਦ੍ਰਿਸ਼ਟੀ ਤੋਂ ਸਤ ਇਹ ਹੈ ਅਤੇ ਪਰ ਦਰਵ, ਪਰ ਖੇਤਰ, ਪਰ ਕਾਲ, ਪਰ ਭਾਵ ਪਖੋਂ ਅਸਤ ਹੈ। ਇਸ ਪ੍ਰਕਾਰ ਇਕ ਪਦਾਰਥ ਦੇ ਸਤ ਅਤੇ ਅਸਤ ਹੋਣ ਵਿਚ ਕੋਈ ਵਿਰੋਧ ਨਹੀਂ।

ਜੈਨ ਅਚਾਰੀਆਂ ਨੇ ਅਨੇਕਾਂਤ ਵਾਦ ਨੂੰ ਸਮਝਨ ਲਈ ਸੱਤ ਅਨੇਆਂ ਦਾ ਉਦਾਹਰਨ ਦਿਤਾ ਹੈ। ਕਿਸੇ ਪਿੰਡ ਵਿਚ ਸੱਤ ਅੰਨੇ ਰਹਿੰਦੇ ਸਨ। ਉਸ ਪਿੰਡ ਵਿਚ ਇਕ ਹਾਥੀ ਆ ਗਿਆ। ਉਨਾਂ ਵਿਚੋਂ ਕਿਸੇ ਨੇ ਉਸ ਦੀ ਸੁੰਡ ਨੂੰ ਹੱਥ ਪਾ ਲਿਆ, ਕਿਸੇ ਨੇ ਹੋਰ ਅੰਗਾਂ ਨੂੰ। ਉਹ ਆਪਸ ਵਿਚ ਵਹਿਸ ਕਰਨ ਲਗੇ। ਕੋਈ ਆਖਦਾ ਹੈ "ਹਾਥੀ ਮੂਸਲ ਵਰਗਾ ਹੈ ਕੋਈ ਉਸ ਨੂੰ ਕਿਸੇ ਹੋਰ ਅਕਾਰ ਨਾਲ ਆਖਦਾ ਹੈ। ਉਥੇ ਇਕ ਅੱਖ ਵਾਲਾ ਪੁਰਸ਼ ਆਉਂਦਾ ਹੈ। ਉਹ ਅਨਿਆਂ ਨੂੰ ਆਖਦਾ ਹੈ "ਕਿਉਂ ਝਗੜਦੇ ਹੋ। ਤੁਸੀਂ ਸਭ ਸੱਚ ਆਖਦੇ ਹੋ। ਹਾਥੀ ਸੁੰਡ ਪਖੋਂ ਮੂਸਲ ਵਰਗਾ ਹੈ। ਤੁਸਾ ਹਾਥੀ ਨੂੰ ਛੋਹ ਕੇ ਇਕ ਪਾਸੇ ਦਾ ਨਿਰਣੈ ਨਹੀਂ ਕਰ ਸਕਦੇ। ਇਹ ਅੱਖ ਵਾਲਾ ਪ੍ਰਾਣੀ ਅਨੇਕਾਂਤਵਾਦ ਹੈ।ਅੰਨੇ ਸੰਸਾਰ ਦੇ ਏਕਾਂਤਵਾਦੀ ਮੱਤ ਹਨ। ਜੋ ਹੀ ਵਿਚ ਵਿਸ਼ਵਾਸ ਰਖਦੇ ਹਨ।ਅਨੇਕਾਂਤਵਾਦੀ ਵੀ ਵਿਚ ਵਿਸ਼ਵਾਸ਼ ਰਖਦਾ ਹੈ।

# ਨਿਕਸ਼ੇਪ

ਇਕ ਹੀ ਅਰਥ ਨੂੰ ਭਿੰਨ-ਭਿੰਨ ਰੂਪ ਵਿਚ ਸਥਾਪਿਤ ਕਰਨਾ ਹੀ ਨਿਕਸ਼ੇਪ ਹੈ। ਇਕ ਹੀ ਨਾਂ, ਅਲਗ ਅਲਗ ਪਦਾਰਥਾਂ ਲਈ ਇਸਤੇਮਾਲ ਹੁੰਦਾ ਹੈ। ਜਿਵੇਂ (1) ਕਿਸੇ ਬੱਚੇ ਦਾ ਨਾਂ ਰਾਜਾ ਰਖਿਆ ਗਿਆ ਹੈ ਉਸਨੂੰ ਰਾਜਾ ਦੇ ਰੂਪ ਵਿਚ ਸੰਬੋਧਨ ਕੀਤਾ ਜਾਂਦਾ ਹੈ। (2) ਇਸੇ ਤਰ੍ਹਾਂ ਕੋਈ ਰਾਜਾ ਦਾ ਚਿੱਤਰ ਬਣਾ ਕੇ, ਉਸ ਨੂੰ ਹੀ ਰਾਜਾ ਆਖਦੇ ਹਨ। (3) ਕਦੇ ਕਦੇ ਰਾਜੇ ਦੇ ਪੁੱਤਰ ਨੂੰ ਹੀ ਰਾਜਾ ਕਿਹਾ ਜਾਂਦਾ ਹੈ ਜਿਵੇਂ 'ਇਹ ਅਪਣੇ ਪਿਤਾ ਤੋਂ ਵੀ ਸਵਾਇਆ ਰਾਜਾ ਹੈ।" (4) ਅਸਲ ਰਾਜੇ ਨੂੰ ਵੀ ਰਾਜਾ ਆਖਦੇ ਹਨ। ਇਸ ਤਰ੍ਹਾਂ ਰਾਜੇ ਦੀ ਸਥਾਪਨਾ ਕੇਵਲ ਨਾਂ, ਸ਼ਕਲ ਜਾਂ ਕਾਰਣ ਦਰਵ ਤੋਂ ਹੁੰਦੀ ਹੈ। ਬਾਦਸ਼ਾਹਤ ਰਾਜਿਆਂ ਵਾਲੇ ਭਾਵ ਵਿਚ ਹੁੰਦੀ ਹੈ। ਜੈਨ ਆਗਮ ਅਰਥਾਂ ਦੀ ਭਿੰਨ ਭਿੰਨ ਸਥਾਪਨਾ ਨੂੰ ਨਿਕਸ਼ੇਪ ਆਖਦੇ ਹਨ। ਹਰ ਵਸਤੂ ਦੇ ਘਟੋ ਘਟ ਚਾਰ ਨਿਕਸ਼ੇਪ ਜ਼ਰੂਰ ਹੁੰਦੇ ਹਨ :—

(1) **ਨਾਮ ਨਿਕਸ਼ੇਪ** :—ਕੇਵਲ ਵਸਤੂ ਦਾ ਨਾਂ। ਜਿਵੇਂ ਕਿਸੇ ਮਨੁੱਖ ਦਾ ਨਾ **ਇੰਦਰ** ਰਖਿਆ ਗਿਆ ਜਾਂ ਕਿਸੇ 'ਅਜੈਨ' ਦਾ ਨਾਂ ਜੈਨ ਰਖਿਆ ਗਿਆ। ਇਹ ਨਾਮ ਨਿਕਸ਼ੇਪ ਹੈ।

(2) **ਸਥਾਪਨਾ ਨਿਕਸ਼ੇਪ** :—ਅਸਲ ਆਦਮੀ ਦੀ ਮੂਰਤੀ, ਚਿੱਤਰ ਜਾਂ ਆਕ੍ਰਿਤੀ ਸਥਾਪਨਾ ਹੈ। ਇਸ ਫੋਟੋ ਵਿਚ ਅਸਲ ਵਿਅਕਤੀ ਦੀ ਧਾਰਨਾ ਕੀਤੀ ਜਾਂਦੀ ਹੈ। ਚਿੱਤਰ ਨੂੰ ਵੇਖ ਕੇ ਆਖਨਾ, ਇਹ ਤੀਰਥੰਕਰ ਦੀ ਫੋਟੋ ਹੈ ਜਾਂ ਨਕਸ਼ੇ ਨੂੰ ਵੇਖ ਕੇ ਆਖਣਾ '**ਇਹ ਭਾਰਤ ਦੇਸ਼ ਹੈ**।

(3) **ਦਰਵ ਨਿਕਸ਼ੇਪ** :—ਕਦੇ ਕਦੇ ਭੂਤ ਅਤੇ ਭਵਿੱਖ ਕਾਲੀਨ ਭਾਸ਼ਾ ਜਾਂ ਅਰਥਾਂ ਦਾ ਪ੍ਰਯੋਗ ਵਰਤਮਾਨ ਕਾਲ ਵਿਚ ਕੀਤਾ ਜਾਂਦਾ ਹੈ। ਇਹ ਦਰਵ ਨਿਕਸ਼ੇਪ ਹੈ ਜਿਵੇਂ ਮਰੇ ਹੋਏ ਰਾਜਾ ਦੇ ਸ਼ਰੀਰ ਨੂੰ ਵੇਖ ਕੇ ਆਖਨਾ '**ਇਹ ਰਾਜਾ ਹੈ**'। ਖਾਲੀ ਘਿਓ ਦੇ ਘੜੇ ਨੂੰ '**ਘਿਓ ਦਾ ਘੜਾ ਆਖਣਾ**'।

(4) **ਭਾਵ ਨਿਕਸ਼ੇਪ** :—ਨਾਉਂ ਵਿਸ਼ੇਸ਼ ਦਾ ਅਰਥ, ਭਾਵ ਵਸਤੂ ਦੀ ਜਿਸ ਅਵਸਥਾ ਵਿਚ ਠੀਕ ਤਰ੍ਹਾਂ ਲਾਗੂ ਹੋਵੇ, ਉਸਨੂੰ ਭਾਵ ਨਿਕਸ਼ੇਪ ਆਖਦੇ ਹਨ। ਜਿਵੇਂ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਨੂੰ ਤੀਰਥੰਕਰ ਆਖਣਾ, ਨੌਕਰੀ ਕਰਨ ਵਾਲੇ ਨੂੰ ਨੌਕਰ ਆਖਣਾ। ਸਾਧੂ ਦੇ ਗੁਣਾਂ ਵਾਲੇ ਨੂੰ ਸਾਧੂ ਆਖਣਾ, ਇਹ ਭਾਵ ਨਿਕਸ਼ੇਪ ਹੈ।